ISSN : 2395-1273


# ਸੰਵਾਦ

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

ਜੁਲਾਈ-ਦਸੰਬਰ 2024
20 ਵਾਂ ਅੰਕ



ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਛਿਮਾਹੀ ਖੋਜ ਰਸਾਲਾ**

ਜੁਲਾਈ-ਦਸੰਬਰ 2024

ਅੰਕ-20ਵਾਂ

**ਵਿਸ਼ੇਸ਼ ਅੰਕ**

**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**

ਡਾ. ਮਹਿਲ ਸਿੰਘ


ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਮਹਿਲ ਸਿੰਘ

**ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron & Chief Editor:**

***Dr. Mehal Singh***

**+91 85288-28200**

**Editor:**

***Dr. Atam Singh Randhawa***

**+91 98722-17273**

**ISSN : 2395-1273**

**July-December 2024**

**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
**(ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ)** 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273

# ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ

## ਪੁਨਰ-ਸਿਰਜਣਾ ਅਤੇ ਪ੍ਰਯੋਗ



**ਡਾ. ਹਰਿੰਦਰ ਕੌਰ ਸੋਹਲ**

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 77079-22304

ਮਿਥ ਨੂੰ ਸੁਨਿਸ਼ਚਿਤ ਰੂਪ ਵਿਚ ਅਜੇ ਤਕ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਿਆ। ਦੈਵੀਅਤਾਂ ਤੇ ਪਰਾ-ਪ੍ਰਕਿਰਤਿਕ ਸ਼ਕਤੀਆਂ ਦੀ ਹੋਂਦ ਦੁਆਲੇ ਉਸਰਿਆ ਇਹ ਇਕ ਅਜਿਹਾ ਪ੍ਰਬੰਧ ਹੈ ਜੋ ਆਪਣੇ ਆਰੰਭਿਕ ਰੂਪ ਵਿਚ ਕਿਸੇ ਕਲਪਿਤ ਘਟਨਾ ਜਾਂ ਹੋਂਦ ਦੁਆਲੇ ਉਸਰਦਾ ਹੈ। ਮਿਥ ਦਾ ਆਧਾਰ ਨਿਸ਼ਚਿਤ ਹੀ ਕੋਈ ਬਿਰਤਾਂਤ ਬਣਦਾ ਹੈ। ਬਿਰਤਾਂਤ ਦਾ ਮੁੱਖ ਪਛਾਣ ਚਿੰਨ੍ਹ ਸਿਰਜਤ ਕਥਾ ਸੰਸਾਰ ਹੁੰਦਾ ਹੈ। 19ਵੀਂ ਤੇ 20ਵੀਂ ਸਦੀ ਦੇ ਆਰੰਭ ਵਿਚ ਮਿਥ ਨੂੰ ਜਿਆਦਾ ਕਰਕੇ ਪਰੰਪਰਾਗਤ ਕਹਾਣੀ ਜਾਂ ਪਵਿੱਤਰ ਕਹਾਣੀ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਰਿਹਾ ਹੈ। ਜੇਕਰ ਮਿਥ ਦੀ ਪਛਾਣ ਦੀ ਗੱਲ ਕਰੀਏ ਤਾਂ ਮਰਸੀਆ ਇਲੀਆਦੇ ਮਿਥ ਕਥਾ ਦੇ ਦੋ ਲੱਛਣ ਮੰਨਦਾ ਹੈ। ਪਹਿਲਾ ਆਦਿ ਅਨਾਦਿ ਕਾਲ ਵਿਚ ਵਾਪਰੀਆਂ ਘਟਨਾਵਾਂ ਨੂੰ ਬਿਆਨ ਕਰਨ ਵਾਲੀ ਕਹਾਣੀ ਦੇ ਰੂਪ ਵਿਚ, ਇਸ ਸਮੇਂ ਨੂੰ ਉਹ ਆਦਿ ਦਾ ਕਲਪਿਤ ਸਮਾਂ (the fabled time of the beginnings) ਕਹਿੰਦਾ ਹੈ।ਇਸ ਪ੍ਰਕਾਰ ਉਹ ਮਿਥ ਕਥਾ ਨੂੰ ਸਮਾਂ ਮੁਕਤ ਯਥਾਰਥ ਵਜੋਂ ਪੇਸ਼ ਕਰਕੇ ਅਕਾਲ ਸੱਚ ਨਾਲ ਜੋੜਦਾ ਹੈ। ਦੂਜਾ ਲੱਛਣ ਇਕ ਕਹਾਣੀ ਵਜੋਂ ਹੈ, ਜਿਹੜੀ ਆਦਿ ਕਾਲ ਵਿਚ ਦੈਵੀ ਸ਼ਕਤੀਆਂ ਦੁਆਰਾ ਵਸਤੂਆਂ ਦੇ ਨਿਕਾਸ ਬਾਰੇ ਜਾਣਕਾਰੀ ਦਿੰਦੀ ਹੈ। ਇਹ ਪ੍ਰਾਚੀਨ ਸਿਰਜਨਾਤਮਕ ਸਮੇਂ (creative Era) ਨੂੰ ਮੁੜ ਬਹਾਲ ਕਰਦੀ ਹੈ ਅਤੇ ਜੀਵਾਂ ਵਿਚਲੀ ਗੁਆਚੀ ਹੋਈ ਦੈਵੀ ਸ਼ਕਤੀ ਨੂੰ ਮੁੜ ਪ੍ਰਾਪਤ ਕਰਨ ਵਿਚ ਸਹਾਇਤਾ ਦਿੰਦੀ ਹੈ। ਇਲੀਆਦੇ ਅਨੁਸਾਰ ਸਾਰੀਆਂ ਵਸਤੂਆਂ ਦਾ ਸਬੰਧ ਦੈਵੀ ਸ਼ਕਤੀਆਂ ਨਾਲ ਸੀ ਪਰੰਤੂ ਜਿਵੇਂ-ਜਿਵੇਂ ਉਹ ਆਪਣੇ ਮੂਲ ਤੋਂ ਦੂਰ ਹੁੰਦੀਆਂ ਗਈਆਂ, ਉਹਨਾਂ ਵਿਚਲੀ ਦੈਵੀ ਸ਼ਕਤੀ ਘਟਦੀ ਗਈ। ਹੌਲੀ-ਹੌਲੀ ਇਹ ਸ਼ਕਤੀ ਪੂਰੀ ਤਰ੍ਹਾਂ ਨਾਸ਼ ਹੋ ਗਈ। ਇਸ ਸ਼ਕਤੀ ਦੀ ਪੁਨਰ-ਸਿਰਜਣਾ ਦਾ ਸਾਧਨ ਉਸ ਆਦਿ ਅਨਾਦਿ ਘਟਨਾ ਨੂੰ ਮੁੜ ਚਿਤਾਰਨ ਵਿਚ ਹੈ। ਮਿਥਕ ਸਮਾਂ ਪਰਿਵਰਤਨੀ (reversible) ਹੈ ਜੋ ਕੁਝ ਇਕ ਵਾਰ ਵਾਪਰ ਚੁੱਕਿਆ ਹੈ, ਉਹ ਹਮੇਸ਼ਾ ਵਾਸਤੇ ਖ਼ਤਮ ਨਹੀਂ ਹੁੰਦਾ। ਮੁੜ ਵਾਪਸ ਪਰਤ ਸਕਦਾ ਹੈ। ਪ੍ਰਲੋ ਜਾਂ ਅੰਤ ਮੁੜ ਕਿਸੇ ਆਰੰਭ ਦਾ ਰੂਪ ਹੈ।

ਆਦਿ ਜੁਗਾਦੀ ਧਾਰਨਾਵਾਂ ਦੇ ਤਹਿਤ ਮਿਥ ਅਸਲ ਵਿਚ ਮਨੁੱਖੀ ਸਭਿਆਚਾਰ ਦਾ ਇਕ ਅਨਿਖੜਵਾਂ ਅੰਗ ਹੈ। ਮਿਥ ਨੂੰ ਸਮਾਜ, ਵਿਸ਼ਵਾਸ ਅਤੇ ਇਤਿਹਾਸ ਅਕਾਰ ਦਿੰਦੇ ਹਨ। ਮਿਥ ਆਦਿ ਮਾਨਵ ਦਾ ਆਪਣੀ ਅੰਤਰੀਵ ਆਤਮਾ ਨਾਲ ਰਚਾਇਆ ਉਹ ਸੰਵਾਦ ਹੈ, ਜੋ ਪੀੜ੍ਹੀ- ਦਰ-ਪੀੜ੍ਹੀ ਅਗਾਂਹ ਤੁਰਦਿਆਂ ਮਨੁੱਖੀ ਵਿਕਾਸ ਦੇ ਬੌਧਿਕ ਧਰਾਤਲਾਂ ਦੀ ਨਿਸ਼ਾਨਦੇਹੀ ਕਰਦਾ ਹੈ। ਡਾ. ਮਨਮੋਹਨ ਵੀਕੋ ਦਾ ਹਵਾਲਾ ਦਿੰਦਿਆਂ ਹੋਇਆ ਲਿਖਦੇ ਹਨ ਕਿ 'ਮਿਥ ਨਾ ਕੋਈ ਬੇਅਰਥਾ ਬਿਰਤਾਂਤ ਹੈ ਤੇ ਨਾ ਹੀ ਕੋਈ ਅਨਿਓਕਤੀ ਸਗੋਂ ਇਹ ਤਾਂ ਇਕ ਵਿਸ਼ੇਸ਼ ਇਤਿਹਾਸਿਕ ਕਾਲ ਦੀ ਸਮੂਹਿਕ ਮਾਨਸਿਕਤਾ (collective mind) ਦੀ ਅਭਿਵਿਅਕਤੀ ਹੈ। ਮਿਥ ਆਦਿਮ ਮਨੁੱਖ ਦੀ ਕੋਈ ਸਿਰਜਣਾ ਨਹੀਂ, ਇਹ ਤਾਂ ਆਦਿ ਮਨੁੱਖ ਦੇ ਪ੍ਰਤੱਖ ਅਨੁਭਵ ਦੀ ਅਭਿਵਿਅਕਤੀ ਹੈ।"[1] ਇਹ ਆਦਿਮ ਮਨੁੱਖ ਦੇ ਆਪਣੇ ਭਾਵਾਂ ਨੂੰ ਪ੍ਰਗਟਾਉਣ ਦਾ ਕਾਵਿਮਈ ਪ੍ਰਾਰੂਪ ਹੈ। ਵੀਕੋ ਆਦਿਮ ਮਨੋਭਾਵਾਂ ਦੀ ਕਾਵਿਕ ਅਭਿਵਿਅਕਤੀ ਕਾਰਣ ਆਦਿ ਤਰਕ (primitive logic) ਨੂੰ ਰੂਪਕੀ ਤਰਕ (Metaphorical logic) ਦਾ ਨਾਮ ਦਿੰਦਾ ਹੈ। ਪਰ ਤਾਂ ਵੀ ਉਹ ਕਾਵਿਕਤਾ ਨੂੰ ਮਿਥ ਦਾ ਮੂਲ ਸਰੂਪ ਦੱਸਦਾ ਹੋਇਆ ਮਿਥ ਤੇ ਕਵਿਤਾ ਨੂੰ ਇਕੋ ਵਰਗ ਵਿਚ ਰੱਖ ਕੇ ਸਮਝਣ ਦਾ ਪ੍ਰਯਤਨ ਕਰਦਾ ਹੈ।"[2] ਭਾਵੇਂ ਕਿ ਤਰਕ ਮੂਲਕ ਸੋਚ ਨੇ ਮਿਥ ਨੂੰ ਬਹੁਤ ਵਾਰ ਝੂਠ ਜਾਂ ਕਲਪਨਾ ਦੀ ਝੋਲੀ ਵਿਚ ਪਾਇਆ ਹੈ ਪਰ ਇਹ ਆਦਿ ਮਾਨਵ ਦਾ ਉਹ ਸੱਚ ਹੈ ਜੋ ਇਸਦੇ ਬਿਰਤਾਂਤ ਵਿਚ ਲੁਕਿਆ ਪਿਆ ਹੈ। "ਵੀਹਵੀਂ ਸਦੀ ਵਿਚ ਮਿਥਾਂ ਦਾ ਮੁਤਾਲਿਆ ਕਰਨ ਵਾਲੇ ਪ੍ਰਮੁੱਖ ਵਿਦਵਾਨ ਕਲਾਡ ਲੈਵੀ ਸਤਰਾਸ ਦਾ ਕਹਿਣਾ ਸੀ ਕਿ ਉਹਦਾ ਮਕਸਦ ਇਹ ਸਮਝਣਾ ਜਾਂ ਵਿਖਾਉਣਾ ਨਹੀਂ ਕਿ ਲੋਕ ਕਿਵੇਂ ਮਿਥਾਂ ਬਣਾਉਂਦੇ, ਘੜਦੇ ਜਾਂ ਸੋਚਦੇ ਨੇ, ਸਗੋਂ ਇਹ ਵਿਖਾਉਣਾ ਹੈ ਕਿ ਕਿਵੇਂ ਮਿਥਾਂ ਲੋਕਾਂ ਦੇ ਅੰਦਰੀ (ਆਪਣੇ ਆਪ ਨੂੰ ) ਸੋਚਦੀਆਂ ਨੇ ਤੇ ਇਸ ਗੱਲ ਦਾ ਲੋਕਾਂ ਨੂੰ ਪਤਾ ਨਹੀਂ ਲੱਗਦਾ। ਇਹ ਗੱਲ ਬੜੀ ਘੁੰਡੀ ਵਾਲੀ ਹੈ।"[3] ਮਿਥ ਪਵਿੱਤਰ ਕਥਾ ਵਜੋਂ ਮਨੁੱਖੀ ਅਵਚੇਤਨ ਦਾ ਹਿੱਸਾ ਹੁੰਦੀ ਹੈ ਜੋ ਕਿਸੇ ਵਾਪਰੀ ਘਟਨਾ ਨੂੰ ਬਿਰਤਾਂਤਕ ਰੂਪ

ਵਿਚ ਪੇਸ਼ ਕਰਦੀ ਹੈ। ਸਟੈਂਡਰਡ ਡਿਕਸ਼ਨਰੀ ਆਫ ਫੋਕਲਰ, ਮਾਇਥਾਲੋਜੀ ਐਂਡ ਲੀਜੰਡ' ਵਿਚ ਮਿਥ ਦਾ ਸਬੰਧ ਪ੍ਰਾਚੀਨ ਕਾਲ ਨਾਲ ਜੋੜਦਿਆਂ ਲਿਖਿਆ ਹੈ: ਮਿਥ ਉਹ ਕਥਾ ਉਹ ਕਹਾਣੀ ਹੈ ਜੋ ਪ੍ਰਚੀਨ ਕਾਲ ਵਿਚ ਵਾਪਰ ਚੁੱਕੀ ਹੁੰਦੀ ਹੈ। ਇਹ ਲੋਕਾਈ ਦੀਆਂ ਬ੍ਰਹਿਮੰਡਕ ਤੇ ਪਰਾ- ਪ੍ਰਕ੍ਰਿਤਕ ਪਰੰਪਰਾਵਾਂ, ਦੇਵਤਿਆਂ ਤੇ ਨਾਇਕਾਂ, ਸੰਸਕ੍ਰਿਤਕ ਲੱਛਣਾਂ ਅਤੇ ਧਾਰਮਿਕ ਵਿਸ਼ਵਾਸਾਂ ਆਦਿ ਦੀ ਵਿਆਖਿਆ ਕਰਦੀ ਹੈ।[4]

ਆਦਿਕਾਲ ਤੋਂ ਮਿਥ ਦੀ ਸਿਰਜਣਾ ਨਾਲ ਜੁੜੇ ਸੁਆਲ ਬੜੀ ਵਾਰ ਇਸਦੀ ਬਿਰਤਾਂਤਕ ਸੰਰਚਨਾ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ। ਜਿਵੇਂ ਕਿ ਮਿਥਕ ਬਿਰਤਾਂਤ ਸਮਾਜ ਦੇ ਵਿਕਾਸ ਤੇ ਉਤਪਤੀ ਵਿਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਨ ? ਕੀ ਮਿਥ ਦੀ ਸਿਰਜਣਾ ਕਰਨ ਵਾਲੇ ਅਗਿਆਨੀ ਤੇ ਅਨਪੜ੍ਹ ਸਨ? ਕੀ ਮਿਥ ਦੀ ਸਿਰਜਣਾ ਕੁਦਰਤੀ ਸ਼ਕਤੀਆਂ ਦੀ ਕਰੋਪੀ ਤੇ ਭੈਅ ਵਿਚੋਂ ਹੋਈ ? ਆਤਮਸ਼ੀਲ ਚਿੰਤਨ ਮਿਥ ਦੀ ਸਿਰਜਣਾ ਵਿਚ ਕੀ ਭੂਮਿਕਾ ਨਿਭਾਉਂਦਾ ਹੈ ? ਮਿਥਿਕ ਬਿਰਤਾਂਤ ਕਿਵੇਂ ਪੁਨਰ-ਸਿਰਜਤ ਹੁੰਦਾ ਹੈ ? ਸਹਿਜੇ-ਸਹਿਜੇ ਮਨੁੱਖ ਨੇ ਇਨ੍ਹਾਂ ਸੁਆਲਾਂ ਨਾਲ ਜੁੜੇ ਵਰਤਾਰਿਆਂ ਨੂੰ ਸਮਝਣ ਸਬੰਧੀ ਅਜਿਹੇ ਸਿਧਾਂਤ ਬਣਾਏ ਜੋ ਮਨੁੱਖ ਨੂੰ ਤਾਰਕਿਕ ਮਨੁੱਖ ਸਾਬਤ ਕਰਦੇ ਹਨ। ਉਸਨੇ ਮਿਥਿਕ ਬਿਰਤਾਂਤਾਂ ਦੀ ਸਿਰਜਣਾ ਦੀ ਘੋਖ ਕਰਦਿਆਂ ਬੜੀਆਂ ਵਹਿਮ ਮੁਕਤ ਹੋ ਜਾਣ ਦੀਆਂ ਭਰਾਂਤੀਆਂ ਸਿਰਜੀਆਂ ਤੇ ਆਪਣੇ ਆਪ ਨੂੰ ਪੜ੍ਹੇ ਲਿਖੇ ਗੁਣਵਾਨ ਤੇ ਲਿਆਕਤ ਦੇ ਮਾਲਿਕ ਮਨੁੱਖ ਵਜੋਂ ਸਥਾਪਿਤ ਕੀਤਾ। ਆਪਣੇ ਪੁਰਖਿਆਂ ਨੂੰ ਵਹਿਮ ਭਰਮ ਦੇ ਸ਼ਿਕਾਰ ਦੱਸ ਕੇ ਅਗਿਆਨੀ ਤੇ ਪਿਛਲੱਗ ਸਾਬਿਤ ਕਰਨਾ ਤੇ ਆਪਣੇ ਆਪ ਨੂੰ ਗਿਆਨੀ ਹੋਣ ਦੀ ਉਪਾਧੀ ਦੇਣਾ ਕਿੱਥੋਂ ਤਕ ਵਾਜਿਬ ਹੈ ?

ਦੂਜੇ ਪਾਸੇ ਜੇ ਬਿਰਤਾਂਤ ਦੀ ਗੱਲ ਕਰੀਏ ਤਾਂ ਮਿਥ ਦਾ ਸਬੰਧ ਕਹਾਣੀ ਨਾਲ ਜੁੜਨ ਕਰਕੇ ਇਸ ਦਾ ਅਸਲ ਮੰਤਵ ਬਿਰਤਾਂਤ ਨਾਲ ਜੁੜਿਆ ਹੁੰਦਾ ਹੈ। ਡਾ. ਨਗੇਂਦਰ ਅਨੁਸਾਰ 'ਮਿਥ- ਕਥਾ ਦਾ ਸਰੂਪ ਕਥਾਤਮਕ ਹੁੰਦਾ ਹੈ, ਜੋ ਕਲਪਨਾ ਆਧਾਰਿਤ ਹੋਣ ਕਾਰਨ ਅਲੌਕਿਕ ਤੇ ਅਤਿਮਾਨਵੀ ਘਟਨਾਵਾਂ ਨੂੰ ਪੇਸ਼ ਕਰਦਾ ਹੈ। ਮਾਨਵੀ ਜੀਵਨ ਵਿਚ ਇਨ੍ਹਾਂ ਘਟਨਾਵਾਂ ਦੀ ਵਿਸ਼ੇਸ਼ ਮਹਾਨਤਾ ਕਾਇਮ ਹੁੰਦੀ ਹੈ। ਇਸ ਵਿਚਲੀ ਕਲਪਨਾ ਨੂੰ ਸਤਿ ਦੀ ਪ੍ਰਤੀਤ ਦੇ ਰੂਪ ਵਿਚ ਗ੍ਰਹਿਣ ਕੀਤਾ ਜਾਂਦਾ ਹੈ,ਇਸ ਵਾਸਤੇ ਮਿਥ -ਕਥਾ ਵਿਚ ਕਲਪਨਾ ਅਤੇ ਸਤਿ ਅਥਵਾ ਭਾਵਗਤ ਸਤਿ ਅਤੇ ਵਸਤੂਗਤ ਸਤਿ ਦੀ ਅਭੇਦ-ਪ੍ਰਤੀਤ ਇਸਦੀ ਆਧਾਰ ਭੂਮੀ ਬਣਦੀ ਹੈ।''[5] ਰੋਲਾ ਬਾਰਥ ਬਿਰਤਾਂਤ ਨੂੰ ਘਟਨਾਵਾਂ ਦਾ ਇਕ ਕ੍ਰਮਬਧ ਅਰਥ ਪੂਰਨ ਸਮੁੱਚ ਮੰਨਦਾ ਹੈ। ਅਸਲ ਵਿਚ ਇਹ ਇਕ ਕਹਾਣੀ ਦੇ ਰੂਪ ਵਿਚ ਚਲਦੀ ਹੈ ਅਤੇ ਇਸਦਾ ਅਸਲ ਮੰਤਵ ਬਿਰਤਾਂਤ ਨਾਲ ਹੀ ਜੁੜਿਆ ਹੁੰਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ, 'ਬਿਰਤਾਂਤ ਨਿਰੋਲ ਮਨੁੱਖੀ ਕਿਰਿਆ ਨੂੰ ਪ੍ਰਗਟਾਉਣ ਦੀ ਵਿਧੀ ਹੈ। ਵਸਤੂ ਤੇ ਸੰਕਲਪ ਦੀ ਮੁਥਾਜੀ ਨਹੀਂ, ਆਪਣੇ ਸਮੇਂ ਸਬੰਧਿਤ ਸੁਭਾਉ ਕਾਰਨ ਬਿਰਤਾਂਤ ਨਾ ਸਥਾਨ ਸਥਿਤ ਵਸਤੂ ਨੂੰ ਪਰਿਭਾਸਤਿ ਕਰ ਸਕਦਾ ਹੈ, ਨਾ ਸਮੇਂ ਸਥਾਨ ਤੋਂ ਅਤੀਤ ਸੰਕਲਪਾਂ ਨੂੰ। ਵਸਤੂ ਜਾਂ ਸੰਕਲਪ ਜਦੋਂ ਵੀ ਬਿਰਤਾਂਤ ਰਾਹੀਂ ਪ੍ਰਗਟਾਵਾ ਪ੍ਰਾਪਤ ਕਰਨਗੇ, ਉਹਨਾਂ ਨੂੰ ਮਨੁੱਖੀ ਚਰਿੱਤਰ ਧਾਰਨ ਕਰਨਾ ਪਵੇਗਾ, ਸਮਾਜਕ ਸਬੰਧਾਂ ਵਿਚ ਬੱਝਣਾ ਪਵੇਗਾ।[6]

ਸਮਕਾਲੀ ਦੌਰ ਵਿਚ ਵੱਖ-ਵੱਖ ਤਰ੍ਹਾਂ ਦੇ ਬਿਰਤਾਂਤ ਸਿਰਜ ਕੇ ਮਿਥਾਂ ਦੀ ਵਰਤੋਂ ਅਸਲੋਂ ਨਵੇਂ ਰੂਪ ਵਿਚ ਹੋ ਰਹੀ ਹੈ। ਮਿਥਕ ਬਿਰਤਾਂਤ ਦਾ ਇਹ ਰੂਪ ਰਾਜਨੀਤਕ, ਸਭਿਆਚਾਰਕ ਤੇ ਸਮਾਜਕ ਧਰਾਤਲ ਤੇ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ। ਬਿਰਤਾਂਤ ਦੀ ਜੰਗ ਅੱਜ ਸਾਰੀਆਂ ਹੀ ਧਿਰਾਂ ਲੜ ਰਹੀਆਂ ਹਨ। ਜਿਹੜੀ ਧਿਰ ਜਿਆਦਾ ਪ੍ਰਭਾਵੀ ਬਿਰਤਾਂਤ ਸਿਰਜਦੀ ਹੈ। ਉਹ ਧਿਰ ਜਿਆਦਾ ਤਾਕਤਵਰ ਬਣ ਜਾਂਦੀ ਹੈ ਤੇ ਜਿੱਤ ਵੱਲ ਵਧਦੀ ਦਿਸਦੀ ਹੈ। ਇਹ ਪ੍ਰਕਿਰਿਆ ਸਾਡੇ ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰ ਰਹੀ ਹੈ। ਕਿਉਂਕਿ ਮਿਥ ਹੀ ਸਾਡੇ ਇਤਿਹਾਸ, ਸਮਾਜ ਅਤੇ ਵਿਸ਼ਵਾਸ ਨੂੰ ਆਕਾਰ ਦਿੰਦੀ ਹੈ। ਸਮਕਾਲੀ ਸੰਦਰਭ ਵਿਚ, ਮਿਥ ਅਤੇ ਬਿਰਤਾਂਤ ਦਾ ਸੁਮੇਲ ਹੋ ਰਿਹਾ ਹੈ। ਮਿਥ-ਬਿਰਤਾਂਤ ਨੂੰ ਅਸੀਂ ਇਸ ਤਰ੍ਹਾਂ ਪਰਿਭਾਸਤਿ ਕਰ ਸਕਦੇ ਹਾਂ: "ਮਿਥ-ਬਿਰਤਾਂਤ ਉਹ ਕਥਨ ਹੈ ਜੋ ਪਰੰਪਰਾਗਤ ਮਿਥਾਂ ਦੇ ਤੱਤਾਂ ਨੂੰ ਸਮਕਾਲੀ ਸੰਦਰਭ ਵਿਚ ਨਵੇਂ ਅਰਥ ਦੇਣ ਲਈ ਵਰਤਿਆ ਜਾ ਰਿਹਾ ਹੈ। ਸਮਕਾਲੀ ਸਮਾਜ ਵਿਚ ਮਿਥਾਂ ਦੀ ਪ੍ਰਸੰਗਿਕਤਾ ਨਵੇਂ ਰੂਪ ਵਿਚ ਉਭਰ ਰਹੀ ਹੈ। ਜੋਸਫ ਕੈਂਪਬੈਲ (Joseph Campbell) ਆਪਣੀ ਪੁਸਤਕ *The Hero with a Thousand Faces* ਵਿਚ ਲਿਖਦੇ ਹਨ, "ਮਿਥ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੇ ਹਨ, ਭਾਵੇਂ ਅਸੀਂ ਇਸ ਤੋਂ ਜਾਣੂ ਹੋਈਏ ਜਾਂ ਨਾ। ਸਮੇਂ ਦੇ ਬੀਤਣ ਨਾਲ ਬਦਲਦੀਆਂ ਪਰਿਸਥਿਤੀਆਂ ਦੇ ਅਨੁਸਾਰ ਸੰਸਾਰ ਵਿਚ ਵੱਸਦੇ ਮਨੁੱਖਾਂ ਨਾਲ ਸਬੰਧਤ ਮਿਥਾਂ ਵਿਚ ਵਾਧਾ ਹੋਇਆ ਹੈ। ਮਨੁੱਖੀ ਮਨ ਤੇ ਸਰੀਰ ਦੇ ਧਰਾਤਲ ਤੇ ਜੋ ਕੁਝ ਵੀ ਬਦਲਿਆ ਹੈ, ਮਿਥ ਉਸ ਦੀ ਜੀਵੰਤ ਪ੍ਰੇਰਨਾ ਬਣੀ ਹੈ।''[7] ਮਹਾਂਭਾਰਤ ਦੀ ਦ੍ਰੋਪਦੀ ਦਾ ਕਿਰਦਾਰ ਅੱਜ ਨਾਰੀ-ਸ਼ਸ਼ਕਤੀਕਰਨ ਦਾ ਪ੍ਰਤੀਕ ਬਣ ਗਿਆ ਹੈ। ਪੁਰਾਣ ਕਥਾਵਾਂ ਵਿਚਲੇ ਬਿਰਤਾਂਤ ਨੂੰ ਪੁਨਰ-ਪਰਿਭਾਸ਼ਿਤ ਕਰਦਿਆਂ ਮਿਥ ਕਈ ਵਾਰ ਭੰਜਨ ਤੇ ਕਈ


www.sanvad.org
ISSN : 2395-1273

ਵਾਰ ਰੂਪਾਂਤਰਿਤ ਰੂਪ ਵਿਚ ਟੈਕਸਟ ਦਾ ਆਧਾਰ ਬਣਦੀ ਹੈ। ਅਜੋਕੇ ਯੁਗ ਵਿਚ ਦ੍ਰੋਪਦੀ ਦੀ ਕਹਾਣੀ ਨੂੰ ਲਿੰਗਕ ਅਸਮਾਨਤਾ ਅਤੇ ਨਾਰੀ ਨਾਲ ਜੁੜੇ ਸੁਆਲਾਂ ਦੇ ਪ੍ਰਤੀਕ ਵਜੋਂ ਵੇਖਿਆ ਜਾਂਦਾ ਹੈ। ਉਸ ਦੇ ਸਵੈ-ਆਦਰ, ਸਹਿਣਸ਼ੀਲਤਾ ਅਤੇ ਉੱਤਮ ਨਾਰੀ ਸਰੂਪ ਨੂੰ ਲਿੰਗ ਬਰਾਬਰੀ ਅਤੇ ਨਾਰੀ ਸਸ਼ਕਤੀਕਰਨ ਦਾ ਪ੍ਰਤੀਕ ਬਣਾਇਆ ਜਾਂਦਾ ਹੈ। ਇੰਜ ਅਸੀਂ ਵੇਖਦੇ ਹਾਂ ਕਿ ਕਿਵੇਂ ਪੁਰਾਣੀਆਂ ਮਿਥਾਂ ਨਵੇਂ ਸਮਾਜਕ ਅਤੇ ਸਾਂਸਕ੍ਰਿਤਕ ਪ੍ਰਸੰਗ ਵਿਚ ਰੂਪਾਂਤਰਿਤ ਹੋ ਜਾਂਦੀਆਂ ਹਨ। ਦ੍ਰੋਪਦੀ ਦੇ ਅਕਸ ਨੂੰ ਅਜੋਕੇ ਪ੍ਰਸੰਗ ਵਿਚ ਜਿਆਦਾ ਕਰਕੇ ਸਾਰਥਕ ਅਤੇ ਨੈਤਿਕ ਸੁਆਲਾਂ ਨਾਲ ਜੋੜਿਆ ਜਾਂਦਾ ਹੈ, ਜਿਵੇਂ ਕਿ ਧਰਮ, ਆਤਮ ਮਰਿਆਦਾ ਅਤੇ ਆਤਮ ਸਨਮਾਨ। ਚਿਤਰਾ ਬੈਨਰਜੀ ਦਿਵਾਕਰੁਨੀ (Chitra Banerjee Divakaruni) ਆਪਣੀ ਕਿਤਾਬ *The palace of illusions, 2008* ਜਿਸ ਨੂੰ ਕਿ ਦ੍ਰੋਪਦੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਿਚ ਦ੍ਰੋਪਦੀ ਨੂੰ ਇਕ ਸ਼ਕਤੀਸ਼ਾਲੀ ਅਤੇ ਸਵੈ-ਨਿਰਭਰ ਔਰਤ ਵਜੋਂ ਪੇਸ਼ ਕਰਦੀ ਹੈ। ਇਸ ਨਾਵਲ ਵਿਚ ਚਿਤਰਾ ਬੈਨਰਜੀ ਪਾਂਡਵਾਂ ਦੀ ਪਤਨੀ ਦ੍ਰੋਪਦੀ ਦਾ ਬਿਰਤਾਂਤ ਸਿਰਜਦਿਆਂ ਉਸ ਦੀ ਪਸੰਦ ਅਤੇ ਨਾ ਪਸੰਦ ਦਾ ਪਤਾ ਲਗਾਉਣ ਲਈ ਉਸ ਨੂੰ ਮਰਦ ਪ੍ਰਧਾਨ ਸਮਾਜ ਵਿਚ ਸੰਘਰਸ਼ ਕਰਦੀ ਦਿਖਾਉਂਦੀ ਹੈ। ਜਿਸ ਦੇ ਸਿੱਟੇ ਵਜੋਂ ਉਸਨੂੰ ਕੁਝ ਸਫਲਤਾਵਾਂ ਤੇ ਕੁਝ ਦੁਖਦਾਇਕ ਅਸਫਲਤਾਵਾਂ ਮਿਲਦੀਆਂ ਹਨ। ਇਸ ਨਾਵਲ ਵਿਚ ਪਾਂਡਵਾਂ ਦੇ ਦੁਸ਼ਮਣ ਕਰਨ ਦੇ ਪ੍ਰਤੀ ਦ੍ਰੋਪਦੀ ਦਾ ਆਕਰਸ਼ਣ, ਆਪਣੀ ਸਾਜਿਸ਼ ਕਰਨ ਵਾਲੀ ਸੱਸ ਕੁੰਤੀ ਦੇ ਪ੍ਰਤੀ ਉਸਦਾ ਦ੍ਰਿਸ਼ਟੀਕੋਣ ਅਤੇ ਇਕ ਹੀ ਸਮੇਂ ਪੰਜ ਪਤੀਆਂ ਨਾਲ ਵਿਆਹੀ ਹੋਣ ਦੇ ਕਾਰਨ ਉਸਦੇ ਜਟਿਲ ਸਬੰਧਾਂ ਦਾ ਅਨੁਸਰਨ ਕੀਤਾ ਮਿਲਦਾ ਹੈ। ਇਸ ਨਾਵਲ ਦਾ ਬਿਰਤਾਂਤ ਸੋਚਣ ਲਈ ਮਜਬੂਰ ਕਰਦਾ ਹੈ ਕਿ ਕਿਸੇ ਚੰਗੇ ਉਦੇਸ਼ ਦੀ ਜਿੱਤ ਦੇ ਲਈ ਅਨੁਚਿਤ ਤਰੀਕੇ ਅਪਣਾਉਣਾ ਨੈਤਿਕ ਹੈ ਜਾਂ ਨਹੀਂ। ਸਾਰੇ ਨਾਵਲ ਵਿਚ ਦ੍ਰੋਪਦੀ ਦੇ ਨਿਰਦੇਸ਼ ਤੇ ਬਣਾਇਆ ਗਿਆ ਮਹਿਲ ਇਕ ਰਹੱਸਮਈ ਵਸਤੂ ਦੀ ਤਰਾਂ ਚਮਕਦਾ ਦਿਖਾਈ ਦਿੰਦਾ ਹੈ। ਉਸ ਮਹਿਲ ਦੀਆਂ ਦੀਵਾਰਾਂ ਨੂੰ ਬ੍ਰਹਿਮੰਡ ਤੇ ਉਸਦੇ ਫਰਸ਼ ਨੂੰ ਆਕਾਸ਼ ਮੰਨ ਕੇ ਉਸ ਦਾ ਕੇਂਦਰ ਪ੍ਰਕਿਰਤੀ ਦੀ ਹਰ ਵਸਤ ਵਿਚ ਦਿਖਾਇਆ ਗਿਆ ਹੈ। ਨਾਰਥਰੋਪ ਫਰਾਈ (Northrop Frye) 'ਮਿਥ ਨੂੰ ਬਿਰਤਾਂਤਕ/ਗਾਲਪਨਿਕ ਰੂਪ ਸਵੀਕਾਰ ਕਰਦਾ ਹੈ ਅਤੇ ਕਾਰਜਸ਼ੀਲਤਾ ਦੇ ਆਧਾਰ 'ਤੇ ਸਮੁੱਚੇ ਸਾਹਿਤ ਨੂੰ ਹੀ ਸਥਾਨਾਂਤਰਿਤ ਮਿਥ (Displaced Myth) ਕਹਿੰਦਾ ਹੋਇਆ ਸਥਾਪਿਤ ਕਰਦਾ ਹੈ ਕਿ ਸਾਹਿਤ ਦੇ ਸੰਰਚਨਾਤਮਕ ਨੇਮ (structural Principles) ਇਕੱਲ-ਇਕਹਿਰੇ ਰੂਪ ਵਿਚ ਮਿਲਦੇ ਹਨ ਜੋ ਸੰਭਾਵਿਤਾ ਦੇ ਪ੍ਰਸੰਗ ਵਿਚ ਯਥਾਰਥ ਨਾਲੋਂ ਅਲੱਗ ਹੁੰਦੇ ਹਨ।"[8] ਇਸੇ ਤਰ੍ਹਾਂ, ਰਾਵਣ ਦੇ ਕਿਰਦਾਰ ਨੂੰ ਕਈ ਵਾਰ ਦਲਿਤ ਚੇਤਨਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਜਿਵੇਂ ਕਿ ਅਨੰਦ ਨੀਲਕੰਠਨ (Anand Neelakantan) ਨੇ ਆਪਣੇ ਨਾਵਲ *Asura: Tale of the Vanquished* ਵਿਚ ਕੀਤਾ ਹੈ। ਇਸ ਪੁਸਤਕ ਵਿਚ ਨੀਲਕੰਠਨ ਨੇ ਰਾਵਣ ਨੂੰ ਉਸ ਦੀ ਬਹੁ ਪੱਖਤਾ ਅਤੇ ਜਟਿਲਤਾ ਸਮੇਤ ਪੇਸ਼ ਕੀਤਾ ਹੈ। ਉਹ ਉਸ ਨੂੰ ਇਕ ਚਤੁਰ, ਸ਼ਕਤੀਸ਼ਾਲੀ ਅਤੇ ਸਸ਼ਕਤ ਪਾਤਰ ਵਜੋਂ ਦਰਸਾਉਂਦਾ ਹੈ, ਜਿਸਨੇ ਆਪਣੇ ਸਮੇਂ ਦੇ ਸਾਂਸਕ੍ਰਿਤਿਕ ਅਤੇ ਧਾਰਮਿਕ ਸੰਦਰਭ ਨੂੰ ਨਵਾਂ ਰੂਪ ਦਿੱਤਾ। ਰਾਵਣ ਦੀ ਮਿਥ ਨੂੰ ਉਸਦੇ ਸਾਂਸਕ੍ਰਿਤਿਕ ਪੱਖਾਂ ਅਤੇ ਉਸਦੇ ਕਿਰਦਾਰ ਦੇ ਵਿਸ਼ੇਸ਼ ਪਹਿਲੂਆਂ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਰਾਵਣ ਦੀ ਸਾਂਸਕ੍ਰਿਤਿਕ ਅਤੇ ਇਤਿਹਾਸਿਕ ਪ੍ਰਸੰਗਿਕਤਾ ਦਾ ਜੇਕਰ ਗਹਿਰਾਈ ਨਾਲ ਅਧਿਐਨ ਕਰੀਏ ਤਾਂ ਇੱਥੇ ਰਾਵਣ ਸਿਰਫ਼ ਪ੍ਰਾਚੀਨ ਮਿਥ ਕਥਾ ਵਿਚਲੇ ਇਕ ਨਾਇਕ ਵਜੋਂ ਹੀ ਨਹੀਂ ਸਗੋਂ ਆਧੁਨਿਕ ਸੰਸਕ੍ਰਿਤੀ ਅਤੇ ਸਮਾਜਕ ਸੰਦੇਸ਼ਾਂ ਦੇ ਇਕ ਪ੍ਰਤੀਕ ਵਜੋਂ ਵੀ ਸਾਹਮਣੇ ਆਉਂਦਾ ਹੈ।

**ਰਾਜਨੀਤਕ ਬਿਰਤਾਂਤ ਵਿਚ ਮਿਥਾਂ ਦੀ ਵਰਤੋਂ**

ਰਾਜਨੀਤਕ ਖੇਤਰ ਵਿਚ ਮਿਥ-ਬਿਰਤਾਂਤਾਂ ਦੀ ਵਰਤੋਂ ਰਾਜਨੀਤਕ ਬਿਰਤਾਂਤਕ ਪ੍ਰਵਚਨ ਉਸਾਰਦੀ ਹੈ। ਰੋਲਾਂ ਬਾਰਥ (1972) ਆਪਣੀ ਕਿਤਾਬ **'ਮੈਥੋਲੋਜੀਜ਼'** ਵਿਚ ਲਿਖਦੇ ਹਨ, 'ਮਿਥ ਇਕ ਸੰਚਾਰ ਪ੍ਰਣਾਲੀ ਹੈ... ਇਹ ਇਕ ਸੁਨੇਹਾ ਹੈ। ਰਾਜਨੀਤਕ ਪਾਰਟੀਆਂ ਅਕਸਰ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਮਿਥਾਂ ਦਾ ਸਹਾਰਾ ਲੈਂਦੀਆਂ ਹਨ'। ਪ੍ਰਸਿੱਧ ਵਿਦਵਾਨ ਸੋਰਲ ਨੇ ਮਿਥ ਕਥਾ ਨੂੰ ਇਕ ਪ੍ਰੋਗਰਾਮ ਵਜੋਂ ਸਵੀਕਾਰਿਆ ਹੈ, ਉਸ ਅਨੁਸਾਰ ਅਜਿਹਾ ਵਿਚਾਰ ਜੋ ਇਤਿਹਾਸਕ ਤੱਥਾਂ ਦਾ ਰੂਪ ਧਾਰਨ ਨਹੀਂ ਕਰ ਸਕਦਾ ਕੇਵਲ ਇਕ ਪ੍ਰਕਾਰ ਦਾ ਪ੍ਰੋਗਰਾਮ ਹੀ ਹੁੰਦਾ ਹੈ ਜਿਵੇਂ ਰਾਜਨੀਤੀ ਦੇ ਖੇਤਰ ਵਿਚ 'ਸਧਾਰਨ ਹੜਤਾਲਾਂ' ਇਹ ਹੜਤਾਲਾਂ ਸੰਸਾਰ ਭਰ ਦੇ ਕਾਮਿਆਂ ਵਾਸਤੇ ਕੇਵਲ ਪ੍ਰੇਰਨਾ ਰੂਪ ਵਿਚ ਭਵਿੱਸ਼ਵਾਦੀ ਇਤਿਹਾਸ ਹੀ ਹੁੰਦਾ ਹੈ, ਤੱਥ ਨਹੀਂ ਬਣਦਾ। ਸੋਰਲ ਅਨੁਸਾਰ ਮਿਥ ਕਥਾ ਦੀ ਪ੍ਰਮਾਣਿਕਤਾ ਇਹ ਹੈ ਕਿ ਇਹ ਭਵਿੱਸ਼ ਬਾਰੇ ਇਕ ਅਜਿਹੀ ਅੰਤਰ -ਦ੍ਰਿਸ਼ਟੀ ਪੇਸ਼ ਕਰਦੀ

ਹੈ, ਜਿਹੜੀ ਕਿ ਵਰਤਮਾਨ ਦੀ ਵਿਉਹਾਰਕ ਪਰ ਅੱਧ- ਕੱਚੀ ਭਾਵਨਾ ਪੈਦਾ ਕਰਦੀ ਹੈ, ਇਸ ਨਾਲ ਸਬੰਧਤ ਹੋ ਕੇ ਉਹ ਆਪਣੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰ ਸਕਦੇ ਹਨ ਅਤੇ ਆਪਣੇ ਅਨੁਭਵ ਨੂੰ ਵਿਆਖਿਆ ਦੇ ਸਕਦੇ ਹਨ।"[9] ਸਿਆਸੀ ਆਗੂ ਅਤੇ ਅੰਦੋਲਨਕਾਰੀ ਅਕਸਰ ਆਪਣੇ ਅਧਿਕਾਰਾਂ ਨੂੰ ਜਾਇਜ਼ ਠਹਿਰਾਉਣ ਅਤੇ ਰੈਲੀ ਦੇ ਸਮਰਥਨ ਲਈ ਮਿਥਾਂ ਦੀ ਵਰਤੋਂ ਕਰਦੇ ਹਨ।' ਲੋਕਾਂ ਦੇ ਇਨਕਲਾਬ' ਦਾ ਬਿਰਤਾਂਤ, ਫਰਾਂਸਿਸ ਇਨਕਲਾਬ ਤੋਂ ਲੈ ਕੇ ਸਮਕਾਲੀ ਲੋਕ ਪੱਖੀ ਲਹਿਰਾਂ ਤਕ, ਸੱਤਾ ਲਈ ਸੰਘਰਸ਼ ਨੂੰ ਨੈਤਿਕ ਅਤੇ ਬਹਾਦਰੀ ਦੇ ਰੂਪ ਵਿਚ ਤਿਆਰ ਕਰਦਿਆ ਹੋਇਆ ਰਾਜਨੀਤੀ ਦੇ ਖੇਤਰ ਵਿਚ ਇਹ ਮਹੱਤਵਪੂਰਨ ਵਿਸ਼ਾ ਬਣ ਜਾਂਦਾ ਹੈ। ਉਦਾਹਰਣ ਵਜੋਂ, 'ਰਾਮ ਰਾਜ' ਦੀ ਧਾਰਨਾ ਨੂੰ ਆਦਰਸ਼ ਸ਼ਾਸਨ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਰਾਮ ਰਾਜ ਤੋਂ ਭਾਵ ਉੱਤਮ ਅਤੇ ਅਖੰਡ ਤੰਤਰ, ਜਿੱਥੇ ਨਿਆਂ ਤੇ ਧਰਮ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਵਿਚਾਰਧਾਰਾ ਦਾ ਮੂਲ ਰਾਮ ਚਰਿਤਰ ਮਾਨਸ ਅਤੇ ਰਮਾਇਣ ਵਿਚ ਮਿਲਦਾ ਹੈ। ਜਿਥੇ ਸ੍ਰੀ ਰਾਮ ਚੰਦਰ ਜੀ ਦੀ ਸਰਕਾਰ ਨੂੰ ਨਿਆਂ ਦੇ ਆਦਰਸ਼ ਮਾਡਲ ਦੇ ਤੌਰ 'ਤੇ ਦਰਸਾਇਆ ਗਿਆ ਹੈ। ਇਸ ਨਾਲ ਜੁੜੀ ਮਿਥ ਦਰਸਾਉਂਦੀ ਹੈ ਕਿ ਜਦੋਂ ਲੋਕ ਧਰਮ, ਸਤਿਕਾਰ ਅਤੇ ਮਰਿਆਦਾ ਦੇ ਰਸਤੇ ਤੇ ਚਲਦੇ ਹਨ ਤਾਂ ਰਾਜਨੀਤਕ ਅਤੇ ਸਮਾਜਕ ਸਥਿਤੀ ਵਿਚ ਆਪਣੇ ਆਪ ਸੁਧਾਰ ਹੁੰਦਾ ਹੈ। ਰਾਮ ਰਾਜ ਦਾ ਕਨਸੈਪਟ ਭਾਰਤੀ ਸਿਆਸਤ ਵਿਚ ਇਕ ਮਹੱਤਵਪੂਰਨ ਅਤੇ ਚਰਚਿਤ ਸੰਕਲਪ ਹੈ। ਇਹ ਸ਼ਬਦ 'ਰਾਮ' ਅਤੇ 'ਰਾਜ' ਤੋਂ ਬਣਿਆ। ਜਿਸ ਦਾ ਸਿੱਧਾ ਅਰਥ ਹੈ ,ਰਾਮ ਦਾ ਰਾਜ ਜਾਂ ਰਾਮ ਦੀ ਹਕੂਮਤ। ਰਾਮ ਰਾਜ ਦਾ ਸੰਕਲਪ ਇਹ ਪਰਿਭਾਸਤਿ ਕਰਦਾ ਹੈ ਕਿ ਮਹਾਂਭਾਰਤ ਅਤੇ ਰਮਾਇਣ ਵਰਗੇ ਪੁਰਾਣੇ ਸਭਿਆਚਾਰਕ ਪ੍ਰਸੰਗਾਂ ਵਿਚ ਰਾਮ ਦੇ ਨਿਆਏ ਪ੍ਰਣਾਲੀ ਅਤੇ ਸਿਆਸੀ ਸਬੰਧਾਂ ਦੀਆਂ ਪ੍ਰਕਿਰਿਆਵਾਂ ਕਿਹੋ ਜਿਹੀਆਂ ਸਨ? ਰਾਮ ਰਾਜ ਦੀ ਸੰਕਲਪਨਾ ਆਦਰਸ਼ ਸ਼ਾਸਨ ਅਤੇ ਨਿਆਇਕ ਪ੍ਰਬੰਧਨ ਦਾ ਪ੍ਰਤੀਕ ਹੈ। ਜਿੱਥੇ ਸਾਰਿਆਂ ਨੂੰ ਸਮਾਨ ਹੱਕ ਮਿਲਦੇ ਹਨ ਤੇ ਜਿੱਥੇ ਸ਼ਾਸਕ ਨੈਤਿਕਤਾ ਤੇ ਧਰਮ ਨੂੰ ਆਧਾਰ ਬਣਾਉਂਦਾ ਹੈ। ਰਾਮ ਰਾਜ ਨੂੰ ਇਕ ਪ੍ਰਤੀਕ ਵਜੋਂ ਮੰਨ ਕੇ ਇਕ ਆਦਰਸ਼ਕ ਸਮਾਜਕ ਸਿਆਸੀ ਸਿਸਟਮ ਨੂੰ ਦਰਸਾਇਆ ਜਾਂਦਾ ਹੈ। ਰਮਾਇਣ ਨੂੰ ਸਿਆਸੀ ਮੰਨਦਿਆਂ ਹੋਇਆਂ ਪੌਲਾ ਰਿਚਮੈਨ (Paula Richman) ਇਸਦੇ ਤਿੰਨ ਵੱਡੇ ਕਾਰਨ ਦੱਸਦੀ ਹੈ: ਪਹਿਲਾਂ ਇਹ ਰਾਮ ਰਾਜ ਦੀ ਇਕ ਅਭਿਲਾਸ਼ੀ ਨੀਤੀ ਨੂੰ ਪੇਸ਼ ਕਰਦੀ ਹੈ ,ਜਿੱਥੇ ਰਾਜਾ ਪੂਰਨ ਨਿਆਂ ਕਰਦਾ ਹੈ ਅਤੇ ਰਾਜ ਦੀ ਵਿਵਸਥਾ ਖੁਸ਼ਹਾਲੀ ਅਤੇ ਸਥਿਰਤਾ ਨੂੰ ਕਾਇਮ ਰੱਖਦਾ ਹੈ। ਦੂਜਾ ਰਾਮ ਨੂੰ ਇਕ ਪੁਰਸ਼ੋਤਮ (ਆਦਰਸ਼ ਮਨੁੱਖ) ਦੇ ਰੂਪ ਵਿਚ ਦਰਸਾਇਆ ਗਿਆ ਹੈ ਅਤੇ ਇਹ ਨਾ ਸਿਰਫ਼ ਇਕ ਰਾਜੇ ਅਤੇ ਨਾਗਰਿਕ ਲਈ ਸਗੋਂ ਵਰਗ, ਜਾਤ ਅਤੇ ਲਿੰਗ ਸ਼੍ਰੇਣੀਆਂ ਲਈ ਵੀ ਇਕ ਆਦਰਸ਼ ਹੈ। ਤੀਜਾ ਰਾਮ ਰਾਜ ਦਾ ਦ੍ਰਿਸ਼ਟੀਕੋਣ ਯੂਟੋਪੀਅਨ ਹੈ ਅਤੇ ਸਾਰੇ ਯੂਟੋਪੀਆ ਦੇ ਲੋਕਾਂ ਨੂੰ ਇਹ ਅਮਲ ਜੀਵਨ ਵਿਚ ਦੁਹਰਾਉਣ ਲਈ ਉਤਸ਼ਾਹਿਤ ਕਰਦਾ ਹੈ।"[10] ਯੂਟੋਪੀਆ ਸ਼ਬਦ ਦਾ ਅਰਥ ਹੈ, ਇਕ ਆਦਰਸ਼ ਸਮਾਜ ਜਾਂ ਜਗ੍ਹਾ ਜੋ ਪੂਰਨ ਖੁਸ਼ਹਾਲੀ ਅਤੇ ਸੁੱਖ ਸਮ੍ਰਿਧੀ ਨਾਲ ਭਰਪੂਰ ਹੁੰਦੀ ਹੈ। ਇਹ ਸ਼ਬਦ 'ਜਾਦੂਈ ਥਾਂ' ਜਾਂ 'ਸੁਪਨਮਈ' ਸੰਸਾਰ ਨੂੰ ਦਰਸਾਉਂਦਾ ਹੈ। ਸਭਿਅਤਾ ਦੇ ਸੰਦਰਭ ਵਿਚ ਯੂਟੋਪੀਆ ਅਜਿਹੇ ਆਦਰਸ਼ਕ ਸਮਾਜ ਦੀ ਚਰਚਾ ਕਰਦਾ ਹੈ, ਜਿਸ ਵਿਚ ਸਾਰੇ ਲੋਕ ਨਿਆਇ ਭਰਪੂਰ ਸੁਖਦ ਜੀਵਨ ਜਿਉਂਦੇ ਹਨ। ਭਾਰਤੀ ਸਿਆਸਤ ਵਿਚ ਰਾਮ ਰਾਜ ਦੀਆਂ ਧਾਰਨਾਵਾਂ ਆਮ ਤੌਰ 'ਤੇ ਇਕ ਸੱਚੀ ਅਤੇ ਨਿਆਇਕ ਰਾਜਨੀਤਕ ਤਸਵੀਰ ਉਤਪੰਨ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਹ ਧਾਰਨਾਵਾਂ ਇਸ ਗੱਲ ਦਾ ਸੰਕੇਤ ਹਨ ਕਿ ਕਿਵੇਂ ਪ੍ਰਾਚੀਨ ਆਦਰਸ਼ਾਂ ਨੂੰ ਆਧੁਨਿਕ ਸੰਸਾਰ ਵਿਚ ਪੁਨਰ-ਪਰਿਭਾਸਤਿ ਕੀਤਾ ਜਾਂਦਾ ਹੈ ? ਰਾਮ ਰਾਜ ਸ਼ਬਦ ਬਹੁਤ ਵਾਰੀ ਰਾਜਨੀਤਕ ਵਿਚਾਰ ਚਰਚਾ ਸਮੇਂ ਵੀ ਵਰਤਿਆ ਜਾਂਦਾ ਹੈ। ਜਿੱਥੇ ਕਈ ਪਾਰਟੀਆਂ ਆਪਣੇ ਰਾਜਨੀਤਕ ਵਿਜਨ ਨੂੰ ਸ਼ਾਮਿਲ ਕਰਦੀਆਂ ਹਨ। ਇਸ ਦਾ ਉਦੇਸ਼ ਭਾਰਤੀ ਰਾਜਨੀਤੀ ਵਿਚ ਨੈਤਿਕਤਾ, ਪਾਰਦਰਸ਼ਤਾ ਤੇ ਜਨਤਕ ਭਲਾਈ ਨੂੰ ਵਧਾਉਣਾ ਹੁੰਦਾ ਹੈ। ਅਜੋਕੇ ਸਮੇਂ ਦੀ ਸਿਆਸਤ ਵਿਚ ਰਾਮ ਰਾਜ ਤੇ ਨਿਯਮਾਂ ਸਾਹਮਣੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਵੀ ਹਨ ਪਰ ਇਸ ਦੇ ਬਾਵਜੂਦ ਰਾਮ ਰਾਜ ਇਕ ਸੰਕਲਪ ਹੈ ਜੋ ਭਾਰਤੀ ਸਿਆਸਤ ਵਿਚ ਆਦਰਸ਼ਾਂ ਅਤੇ ਆਧੁਨਿਕ ਸਬੰਧਾਂ ਦੇ ਵਿਚਾਰਾਂ ਨੂੰ ਮਿਲਾਉਂਦਾ ਹੈ।

**ਮੀਡੀਆ ਅਤੇ ਮਿਥ-ਬਿਰਤਾਂਤ**

ਟੈਲੀਵਿਜ਼ਨ, ਫਿਲਮਾਂ ਅਤੇ ਸੋਸ਼ਲ-ਮੀਡੀਆ ਪਲੇਟਫਾਰਮਾਂ 'ਤੇ ਮਿਥਾਂ ਦੀ ਪੁਨਰ-ਸਥਾਪਤੀ ਦਾ ਪ੍ਰਚਲਣ ਇਜ਼ਾਰੇਦਾਰ ਧਿਰ ਰਾਹੀਂ ਸੋਚਿਆ ਸਮਝਿਆ ਪ੍ਰਾਪੇਗੰਡਾ ਹੈ। ਅਰਵਿੰਦ ਰਾਜਾਗੋਪਾਲ (Arvind Rajagopal) ਆਪਣੀ ਕਿਤਾਬ *Politics after Television* ਵਿਚ ਲਿਖਦੇ ਹਨ, "ਟੈਲੀਵਿਜ਼ਨ ਨੇ ਮਿਥਾਂ ਨੂੰ ਨਵੇਂ ਰੂਪ ਵਿਚ ਪੇਸ਼ ਕਰਕੇ ਉਨ੍ਹਾਂ ਦੇ ਪ੍ਰਭਾਵ ਨੂੰ ਵਧਾਇਆ ਹੈ'। ਉਦਾਹਰਣ ਵਜੋਂ, 'ਮਹਾਂਭਾਰਤ' ਜਾਂ 'ਰਾਮਾਇਣ' ਦੇ ਟੀ.ਵੀ


ISSN : 2395-1273

ਸੀਰੀਅਲ ਨੇ ਇਨ੍ਹਾਂ ਮਿਥਾਂ ਨੂੰ ਨਵੀਂ ਪੀੜ੍ਹੀ ਤਕ ਪਹੁੰਚਾਇਆ ਹੈ। ਰੋਮਿਲਾ ਥਾਪਰ (2014) ਆਪਣੇ ਲੇਖ 'ਦ ਰਾਮਾਇਣ ਸੀਰੀਅਲ: ਏ ਰੀਟੈਲਿੰਗ ਆਫ਼ ਏ ਟੇਲ' ਵਿਚ ਇਸ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦੀ ਹੈ। ਅਸਲ ਵਿਚ ਮੀਡੀਆ ਦਾ ਮੂਲ ਮਕਸਦ ਆਮ ਲੋਕਾਈ ਵਿਚ ਸਭਿਆਚਾਰਕ, ਰਾਜਨੀਤਕ ਅਤੇ ਸਮਾਜਕ ਪੱਖੋਂ ਚੇਤਨਾ ਪੈਦਾ ਕਰਨਾ ਹੈ। ਇਸ ਚੇਤਨਾ ਦਾ ਪ੍ਰਥਮ ਪਹਿਲੂ ਕਹਿਣ ਸੁਣਨ ਦੀ ਬਿਰਤੀ ਨਾਲ ਜੁੜਿਆ ਹੈ। ਇਸ ਕਹਿਣ ਸੁਣਨ ਦੀ ਭਾਵਨਾ ਵਿਚੋਂ ਡਾਇਲਾਗ ਦਾ ਉਦੈ ਹੁੰਦਾ ਹੈ ਤੇ ਇਹ ਡਾਇਲਾਗ ਸਮਾਜਕ ਸੰਰਚਨਾ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਪ੍ਰਚਾਰ ਦੇ ਜਰੀਏ ਪ੍ਰਸਾਰ ਦਾ ਸਾਧਨ ਉਹ ਨਿਬੜਦਾ ਹੈ। ਮੀਡੀਆ ਦਾ ਅਸਲ ਮੰਤਵ ਲੋਕਤੰਤਰ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ। ਜਿੱਥੇ ਲੋਕ ਬਿਨ੍ਹਾਂ ਕਿਸੇ ਰਾਜਨੀਤਕ ਦਬਾਅ ਤੋਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾ ਕਰ ਸਕਦੇ ਹਨ। ਮੀਡੀਆ ਦੇ ਖੇਤਰ ਵਿਚ ਅਸਲ ਤਬਦੀਲੀ 1990 ਤੋਂ ਬਾਅਦ ਵਾਪਰੀ। ਸੰਚਾਰ ਨੇ ਇਕ ਕ੍ਰਾਂਤੀ ਦੇ ਰੂਪ ਵਿਚ ਹੰਭਲਾ ਮਾਰਿਆ ਤੇ ਉਦਾਰਵਾਦੀ ਨੀਤੀਆਂ ਦਾ ਆਪਣਾ ਵਿਧਾਨ ਉਸਰਨਾ ਆਰੰਭ ਹੋ ਗਿਆ। ਅਖਬਾਰਾਂ, ਟੀ.ਵੀ ਚੈਨਲਾਂ ਤੇ ਸੋਸ਼ਲ-ਮੀਡੀਆ ਦੀ ਜੇਕਰ ਗੱਲ ਕਰੀਏ ਤਾਂ ਇਹ ਵਾਧਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਅੱਜ 410 ਤੋਂ ਉੱਪਰ ਟੀ.ਵੀ ਚੈਨਲ ਹਨ। ਇਸੇ ਤਰ੍ਹਾਂ ਇੰਸਟਾਗ੍ਰਾਮ, ਫੇਸਬੁੱਕ, ਵਟਸਐਪ ਗਰੁੱਪਸ ਤੇ ਕਈ ਹੋਰ ਸੋਸ਼ਲ ਮੀਡੀਆ ਦੇ ਰੂਪ ਹਨ ਜੋ ਦਿਨੋ-ਦਿਨ ਖੁੰਬਾਂ ਵਾਂਗ ਵਧਦੇ ਜਾ ਰਹੇ ਹਨ। ਇਹ ਮੀਡੀਆ ਪ੍ਰਾਪੇਗੰਡਾ ਦੀ ਨੀਤੀ ਦੇ ਜ਼ਰੀਏ ਵੋਟ ਬੈਂਕ ਵਿਚ ਵਾਧਾ ਕਰਨ ਲਈ ਕਿਵੇਂ ਬਿਰਤਾਂਤ ਸਿਰਜਦਾ ਹੈ ? ਤੇ ਕਿਵੇਂ ਇਕ ਧਿਰ ਨੂੰ ਜਾਂ ਇਕ ਨੇਤਾ ਨੂੰ ਮਜਬੂਤ ਧਿਰ ਬਣਾਉਂਦਾ ਹੈ ? ਇਹ ਵਿਸ਼ਾ ਜਿਆਦਾ ਧਿਆਨ ਦੀ ਮੰਗ ਕਰਦਾ ਹੈ। 2014 ਵਿਚ ਲੋਕ-ਸਭਾ ਦੀ ਜਿੱਤ ਤੋਂ ਪਹਿਲਾਂ ਇਕ ਸੱਤਾਧਿਰ ਦੇ ਮੁੱਖ ਲੀਡਰ ਦੇ ਭਾਸ਼ਣ ਦਾ ਬਿਰਤਾਂਤ "ਜੋ ਲੋਗ ਮੋਦੀ ਕੀ ਜਾਤ ਜਾਣਨਾ ਚਾਹਤੇ ਹੈ। ਭਾਈਓ ਔਰ ਬਹਿਨੋ ਮੈਂ ਅੱਤ ਪੱਛੜੀ ਜਾਤ ਸੇ ਪੈਦਾ ਹੂਆ। ਮੋਦੀ ਕੀ ਏਕ ਹੀ ਜਾਤੀ ਹੈ ਗਰੀਬ। ਮੈਂ ਗਰੀਬ ਜਾਤ ਕਾ ਹੂੰ ਮੈਂ ਗਰੀਬੀ ਸੇ ਨਿਕਲ ਕਰ ਯਹਾਂ ਪਹੁੰਚਾ ਹੂੰ। ਬਿਨਾਂ ਬਿਜਲੀ ਕੇ ਅੰਧੇਰੇ ਮੇ ਦੀਵਰੀ ਜਲਾ ਕੇ ਰਾਤ ਰਾਤ ਪੜ੍ਹਾ ਹੂੰ। ਨਾ ਪੱਕਾ ਘਰ, ਨਾ ਪੱਕਾ ਬੈਂਕ ਖਾਤਾ, ਨਾ ਦਵਾਈ, ਨਾ ਇਲਾਜ, ਯਹ ਹੀ ਸਭ ਭੁਗਤ ਕਰ ਮੈ ਆਪਕੇ ਆਸ਼ੀਰਵਾਦ ਸੇ ਯਹਾਂ ਤਕ ਪਹੁੰਚਾ ਹੂੰ" ਇੱਕ ਦਿੱਗਜ਼ ਨੇਤਾ ਦੁਆਰਾ ਆਪਣੇ ਭਾਸ਼ਣ ਵਿਚ ਕਹੀ ਇਹ ਗੱਲ ਵੱਡੇ ਵੋਟ ਬੈਂਕ ਨੂੰ ਆਪਣੇ ਨਾਲ ਜੋੜਦੀ ਹੈ। ਇਹ ਸਾਰਾ ਅਜਿਹਾ ਬਿਰਤਾਂਤ ਹੈ ਜੋ 2014 ਵਿਚ ਹੋਣ ਵਾਲੀਆਂ ਚੋਣਾਂ ਦੇ ਪ੍ਰਚਾਰ ਲਈ ਸਿਰਜਿਆ ਗਿਆ। ਅਜਿਹੀ ਬਿਰਤਾਂਤ ਸਿਰਜਣਾ ਦਾ ਮੁੱਖ ਮੰਤਵ ਇਕ ਲੀਡਰ ਨੂੰ ਆਮ ਵਰਗ ਨਾਲ ਜੋੜ ਕੇ ਸਾਂਸਕ੍ਰਿਤੀ ਦੇ ਸਮਰਥਕ ਵਜੋਂ ਉਭਾਰਨਾ ਹੈ। ਅਯੁੱਧਿਆ ਮੰਦਰ ਦੀ ਸਿਰਜਣਾ ਵੀ ਇਸੇ ਕੜੀ ਨਾਲ ਜੁੜਿਆ ਇਕ ਬਿਰਤਾਂਤਕ ਪ੍ਰਵਚਨ ਹੈ। ਅਜਿਹਾ ਪ੍ਰਵਚਨ ਉਸਾਰਦਿਆਂ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ , ਗਰੀਬੀ ਰੇਖਾ ਤੋਂ ਵੀ ਹੇਠਾਂ ਰਹਿ ਰਹੇ ਲੋਕਾਂ ਨਾਲ ਮਿਲਣਾ ਤੇ ਸੋਸ਼ਲ-ਮੀਡੀਆ ਰਾਹੀਂ ਪ੍ਰਚਾਰ ਕਰਨ ਦੇ ਨਤੀਜੇ ਸਾਡੇ ਸਾਹਮਣੇ ਹਨ। ਮੀਡੀਆ ਅਸਲ ਵਿਚ ਕਾਰਪੋਰੇਟ ਧਿਰ ਨਾਲ ਜੁੜਿਆ ਹੋਣ ਕਾਰਨ ਮੋਦੀ ਸੋਚ ਵਾਲੀ ਧਿਰ ਸੋਚੀ ਸਮਝੀ ਨੀਤੀ ਦੇ ਤਹਿਤ ਆਪਣਾ ਸੰਸਾਰ ਉਸਾਰਦੀ ਹੈ। ਅਜਿਹੀ ਸਥਿਤੀ ਵਿਚ ਜਨ-ਚੇਤਨਾ ਨੂੰ ਮੀਡੀਆ ਨੇ ਇਕ ਧਿਰ ਦੇ ਹੱਕ ਵਿਚ ਭੁਗਤਦਿਆਂ ਧੁਰ ਤਕ ਝੰਜੋੜਿਆ ਤੇ ਇਕ ਧਿਰ ਦੇ ਹਿਮਾਇਤੀ ਬਣਾ ਦਿੱਤਾ। ਟਵਿੱਟਰ ਤੇ ਇਸ ਵੇਲੇ ਮੋਦੀ ਦੇ ਸਮਰਥਕਾਂ ਦੀ ਗਿਣਤੀ ਸਭ ਤੋਂ ਵਧੇਰੇ ਹੈ। ਨਾਅਰਿਆਂ ਦਾ ਅਜਿਹਾ ਬਿਰਤਾਂਤ ਸਿਰਜਿਆ ਗਿਆ ਹੈ ਜੋ ਮੋਦੀ ਨੂੰ ਸਰਵਸ਼੍ਰੇਸ਼ਠ ਰਾਜਨੇਤਾ ਘੋਸ਼ਿਤ ਕਰਦਾ ਹੈ। ਇਸੇ ਤਰ੍ਹਾਂ ਹੋਰ ਰਾਜਨੀਤਕ ਪਾਰਟੀਆਂ ਜਾਂ ਨੇਤਾ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਅਜਿਹੇ ਬਹੁਤ ਸਾਰੇ ਬਿਰਤਾਂਤ ਸਿਰਜਦੇ ਹਨ। ਅਜਿਹੀ ਸਥਿਤੀ ਵਿਚ ਬਿਰਤਾਂਤ ਆਪਸ ਵਿਚ ਮੁਕਾਬਲੇ ਦੀ ਦੌੜ ਦੌੜਦੇ ਹਨ ਅਤੇ ਨਾਅਰਿਆਂ ਅਤੇ ਦਾਅਵਿਆਂ ਦੇ ਨਾਂ ਤੇ ਭਵਿੱਖੀ ਤਰੱਕੀ ਦਾ ਸਾਜਸ਼ੀ ਪ੍ਰਪੰਚ ਰਚਿਆ ਜਾਂਦਾ ਹੈ। ਸੋਸ਼ਲ ਮੀਡੀਆ ਅਤੇ ਇੰਟਰਨੈੱਟ ਨੇ ਮਿਥ ਸਿਰਜਣਾ ਤੇ ਬਿਰਤਾਂਤ ਦੀ ਲੜਾਈ ਨੂੰ ਨਵਾਂ ਰੂਪ ਦਿੱਤਾ ਹੈ। ਵਾਇਰਲ ਮੀਮਜ਼, ਹੈਸ਼ਟੈਗ ਮੁਹਿੰਮਾਂ ਅਤੇ ਆਨਲਾਈਨ ਕਮਿਊਨਿਟੀਆਂ ਨਵੇਂ ਬਿਰਤਾਂਤਾਂ ਦੇ ਨਿਰਮਾਣ ਅਤੇ ਪ੍ਰਸਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ। ਇਸੇ ਤਰ੍ਹਾਂ ਅੱਜ ਵਿਸ਼ਵੀਕਰਨ ਦੇ ਯੁੱਗ ਵਿਚ ਗਲੋਬਲ ਮਿਥਾਂ ਅਤੇ ਸਥਾਨਕ ਮਿਥਾਂ ਵਿਚਕਾਰ ਇਕ ਤਨਾਓ ਵੀ ਵੇਖਣ ਨੂੰ ਮਿਲਦਾ ਹੈ। ਬਿਰਤਾਂਤਕ ਲੜਾਈ ਵਿਚ ਅਕਸਰ ਇਹ ਤਨਾਓ ਦਿਸਦਾ ਹੈ ਜਿੱਥੇ ਸਥਾਨਕ ਪਛਾਣ ਗਲੋਬਲ ਪ੍ਰਭਾਵ ਦਾ ਵਿਰੋਧ ਕਰਦੀ ਦਿਖਾਈ ਦਿੰਦੀ ਹੈ। ਮੀਡੀਆ ਮਿਥ ਦੇ ਪ੍ਰਸਾਰ ਵਿਚ ਅਤੇ ਬਿਰਤਾਂਤ ਦੀ ਲੜਾਈ ਦੇ ਮੈਦਾਨ ਵਜੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਬਹੁਤ ਵਾਰੀ ਮੀਡੀਆ ਦਾ ਮਹੱਤਵਪੂਰਨ ਪਹਿਲੂ ਮਿਥ-ਭੰਜਨ ਬਣਦਾ ਹੈ। ਇਹ ਪੁਰਾਣੀਆਂ ਮਿਥਾਂ ਨੂੰ ਚੁਣੌਤੀ ਦੇ ਕੇ ਨਵੇਂ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਪ੍ਰਕਿਰਿਆ ਹੈ। ਉਦਾਹਰਣ ਵਜੋਂ ਇਤਿਹਾਸਿਕ ਘਟਨਾਵਾਂ ਦੀ ਮੁੜ ਵਿਆਖਿਆ ਜਾਂ ਸਮਾਜਕ ਮਾਨਤਾਵਾਂ ਨੂੰ ਚੁਣੌਤੀ ਦੇਣਾ।

## ਸਾਹਿਤ ਵਿਚ ਮਿਥ-ਬਿਰਤਾਂਤ

ਭਾਵੇਂ ਕਿ ਮੱਧਕਾਲੀ ਸਾਹਿਤ ਵਿਚ ਮਿਥ ਦੀ ਵਰਤੋਂ ਭਰਪੂਰ ਰੂਪ ਵਿਚ ਹੋਈ ਹੈ ਪਰ ਅਜੋਕੇ ਪੰਜਾਬੀ ਸਾਹਿਤਕ ਰੂਪ ਜਿਵੇਂ ਨਾਟਕ, ਨਾਵਲ, ਕਵਿਤਾ ਆਦਿ ਵੀ ਪਰੰਪਰਾਗਤ ਮਿਥਾਂ ਨੂੰ ਆਧਾਰ ਬਣਾ ਕੇ ਲਿਖੇ ਗਏ ਹਨ। ਇਨ੍ਹਾਂ ਸਾਹਿਤਕ ਰੂਪਾਂ ਵਿਚ ਮੌਜੂਦਾ ਪ੍ਰਸੰਗ ਸਿਰਜਦਿਆਂ ਪਰੰਪਰਾਗਤ ਮਿਥ ਦਾ ਨਵ- ਨਿਰਮਾਣ ਕੀਤਾ ਗਿਆ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਪੰਜਾਬੀ ਸਾਹਿਤ ਵਿਚ ਵੀ ਮਿਥਾਂ ਦੀ ਪੁਨਰ-ਵਿਆਖਿਆ ਦਾ ਰੁਝਾਨ ਦੇਖਿਆ ਜਾ ਸਕਦਾ ਹੈ। ਸੁਰਜੀਤ ਪਾਤਰ ਦੀ ਕਵਿਤਾ 'ਕਲਯੁਗ ਦੀ ਸੀਤਾ' ਸੀਤਾ ਦੀ ਮਿਥ ਨੂੰ ਆਧੁਨਿਕ ਨਾਰੀ ਦੀ ਸਥਿਤੀ ਨਾਲ ਜੋੜਦੀ ਹੈ। ਸੁਰਜੀਤ ਪਾਤਰ ਦੀ ਇਕ ਹੋਰ ਕਵਿਤਾ 'ਵਹਿੰਗੀ'  ਵਿਚ ਮਿਥ ਦੀ ਵਰਤੋਂ ਰਾਹੀਂ ਮੌਜੂਦਾ ਰਾਜਨੀਤਕ, ਧਾਰਮਿਕ 'ਤੇ ਸਮਾਜਕ ਪਰਿਸਥਿਤੀਆਂ ਦਾ ਮੁਲਾਂਕਣ ਕਰਦਿਆਂ ਨਵੀਨ ਅਰਥ ਸੰਭਾਵਨਾਵਾਂ ਨੂੰ ਦਰਸਾਇਆ ਗਿਆ ਹੈ। 'ਅਹਿ ਚੁੱਕ ਲੈ ਸਰਵਣਾ ਵੇ ਚੰਨ ਸੂਰਜ ਦੀ ਵਹਿੰਗੀ' ਵਿਚ ਸਰਵਣ ਅਤੇ ਵਹਿੰਗੀ ਦੇ ਚਿੰਨ੍ਹ ਰਮਾਇਣ ਵਿਚਲੀ ਕਥਾ ਨਾਲ ਜਾ ਜੁੜਦੇ ਹਨ। ਇੱਥੇ ਵਹਿੰਗੀ ਵਿਚ ਮਾਂ, ਬਾਪ ਦੀ ਜਗ੍ਹਾ ਚੰਨ ,ਸੂਰਜ ਨੂੰ ਚੁੱਕਣ ਦਾ ਹੋਕਾ ਦਿੱਤਾ ਜਾ ਰਿਹਾ ਹੈ। ਇੱਥੇ ਸਰਵਣ ਰਮਾਇਣ ਵਿਚਲਾ ਪਾਤਰ ਨਾ ਬਣਾ ਕੇ ਜਿੱਥੇ ਮਿਥਕ ਚਰਿਤਰ ਨੂੰ ਬਦਲਦਾ ਦਿਖਾਇਆ ਗਿਆ ਹੈ, ਉਥੇ ਉਹ ਸਮਕਾਲੀ ਸਮਾਜ ਵਿਚ ਨੈਤਿਕ ਤੇ ਆਦਰਸ਼ਕ ਮੁੱਲਾਂ ਦਾ ਪਹਿਰੇਦਾਰ ਵੀ ਬਣਦਾ ਹੈ। ਮਿਥਕ ਟੈਕਸਟ ਨਾਲ ਸੰਵਾਦ ਰਚਾਉਂਦਿਆਂ ਸਮਕਾਲੀ ਟੈਕਸਟ ਅਜੋਕੇ ਸਮਾਜ ਵਿਚ ਫੈਲੇ ਅੰਧਕਾਰ ਵੱਲ ਸੰਕੇਤ ਕਰਦੀ ਹੈ। ਇਸੇ ਤਰ੍ਹਾਂ, ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ **ਲੂਣਾ** ਪੁਰਾਣੀ ਮਿਥ ਨੂੰ ਨਵੇਂ ਅਰਥ ਦਿੰਦੀ ਹੈ। ਟਿਵਾਣਾ ਦਾ ਪਹਿਲਾ ਨਾਵਲ **ਅਗਨੀ ਪ੍ਰੀਖਿਆ** ਵੀ ਰਮਾਇਣ ਵਿਚਲੀ ਮਿਥ ਨਾਲ ਸਬੰਧਤ ਹੈ। ਰਮਾਇਣ  ਅਨੁਸਾਰ ਸੀਤਾ ਦੁਆਰਾ ਦਿੱਤੀ ਜਾਣ ਵਾਲੀ **ਅਗਨੀ ਪ੍ਰੀਖਿਆ** ਉਸ ਦੀ ਆਪਣੀ ਚੋਣ ਸੀ ਕਿਉਂਕਿ ਸੀਤਾ ਨੂੰ ਆਪਣੇ ਨਿਰਦੋਸ਼ ਤੇ ਪਤੀ ਵਰਤਾ ਹੋਣ ਦਾ ਪੂਰਾ ਯਕੀਨ ਸੀ ਪਰ ਟਿਵਾਣਾ ਦੇ ਨਾਵਲ ਅਗਨੀ ਪ੍ਰੀਖਿਆ ਵਿਚ ਇਹ ਦਰਸਾਇਆ ਗਿਆ ਹੈ ਕਿ ਭਾਵੇਂ ਉਦੋਂ ਤੋਂ ਹੁਣ ਤਕ ਔਰਤ ਸਸ਼ਕਤੀਕਰਨ ਨੂੰ ਲੈ ਕੇ ਕਈ ਤਬਦੀਲੀਆਂ ਵਾਪਰੀਆਂ ਹਨ ਪਰ ਇਸ ਦੇ ਬਾਵਜੂਦ ਔਰਤ ਦੀ ਅਗਨੀ ਪ੍ਰੀਖਿਆ ਦੇਣ ਵਾਲੀ ਹੋਣੀ ਨਹੀਂ ਬਦਲੀ। ਨਾਰਥਰੋਪ ਫਰਾਈ ਦਾ ਮੰਨਣਾ ਹੈ ਕਿ 'ਮਿਥ ਗਲਪ ਦਾ ਹੀ ਇਕ ਰੂਪ ਹੈ ਤੇ ਸਮੁੱਚਾ ਸਾਹਿਤ ਹੀ ਮਿਥ ਦਾ ਸਥਾਨਾਂਤਰਿਤ ਸਰੂਪ ਹੁੰਦਾ ਹੈ ਕਿਉਂਕਿ ਉਹ ਸਾਹਿਤ ਦੇ ਸੰਰਚਨਾਤਮਕ ਨੇਮ ਮਿਥਾਂ ਵਿਚ ਬਿਖਰੇ ਪਏ ਵੇਖਦਾ ਹੈ। ਮਿਥਾਂ ਦੀਆਂ ਆਦਿ- ਰੂਪਕ ਰੂੜ੍ਹੀਆਂ ਜਦ ਇਤਿਹਾਸਿਕ ਰੂਪਾਂਤਰਣ ਗ੍ਰਹਿਣ ਕਰਦੀਆਂ ਹਨ ਤਾਂ ਸਾਹਿਤ ਦੇ ਸੰਰਚਨਾਤਮਕ ਨੇਮਾਂ ਦਾ ਪ੍ਰਕਾਰਜ ਨਿਭਾਉਂਦੀਆਂ ਹਨ। ਇਸੇ ਲਈ ਨਾਰਥੋ ਫਰਾਈ ਮਿਥ ਨੂੰ ਮਾਈਥੋਸ ਕਹਿੰਦਾ ਹੈ। ਮਾਈਥੋਸ ਨੂੰ ਪਲਾਟ ਮੰਨਦਾ ਹੋਇਆ ਉਹ ਮਿਥ ਨੂੰ ਬਿਰਤਾਂਤ ਰੂਪ ਸਵੀਕਾਰਦਾ ਹੈ ਜੋ ਸਾਹਿਤ ਰਚਨਾ ਨੂੰ ਨਿਯੰਤਰਿਤ ਕਰਦੇ ਹਨ ਤੇ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ।[11]

## ਮਿਥ-ਬਿਰਤਾਂਤਾਂ ਦਾ ਸਮਾਜਕ ਪ੍ਰਭਾਵ

ਮਿਥ-ਬਿਰਤਾਂਤ ਸਮਾਜ ਦੇ ਵੱਖ-ਵੱਖ ਵਰਗਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਪ੍ਰਭਾਵ ਪਾ ਰਹੇ ਹਨ। ਅਮਰਤਿਆ ਸੇਨ (2005) ਆਪਣੀ ਕਿਤਾਬ **ਦ ਆਰਗੂਮੈਂਟੇਟਿਵ ਇੰਡੀਅਨ** ਵਿਚ ਲਿਖਦੇ ਹਨ, ''ਮਿਥ ਸਾਡੇ ਸਮਾਜਕ ਅਤੇ ਰਾਜਨੀਤਕ ਵਿਚਾਰ-ਵਟਾਂਦਰੇ ਨੂੰ ਆਕਾਰ ਦਿੰਦੇ ਹਨ।''ਕਿਤੇ ਇਹ ਸਮਾਜਕ ਏਕਤਾ ਦਾ ਕਾਰਨ ਬਣ ਰਹੇ ਹਨ, ਤਾਂ ਕਿਤੇ ਵੰਡ ਦਾ ਕਾਰਨ ਵੀ। ਉਦਾਹਰਣ ਵਜੋਂ, ਰਾਮ ਮੰਦਿਰ ਅੰਦੋਲਨ ਨੇ ਇਕ ਪਾਸੇ ਹਿੰਦੂ ਏਕਤਾ ਨੂੰ ਮਜ਼ਬੂਤ ਕੀਤਾ, ਪਰ ਦੂਜੇ ਪਾਸੇ ਧਾਰਮਿਕ ਵੰਡੀਆਂ ਨੂੰ ਵੀ ਵਧਾਇਆ। ਰਾਮ ਮੰਦਰ ਦੀ ਸਿਰਜਣਾ ਅਤੇ ਇਸ ਨਾਲ ਸੰਬੰਧਤ ਬਹਿਸ ਭਾਰਤ ਵਿਚ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਹੈ। ਇਸ ਦਾ ਮੂਲ ਵਿਵਾਦ 1980 ਦੇ ਦਹਾਕੇ ਵਿਚ ਸ਼ੁਰੂ ਹੋਇਆ ਸੀ, ਜਦੋਂ ਹਿੰਦੂ ਧਰਮ ਅਨੁਯਾਈਆਂ ਨੇ ਅਯੋਧਿਆ ਵਿਚ ਰਾਮ ਮੰਦਰ ਬਣਾਉਣ ਦੀ ਮੰਗ ਕੀਤੀ ਸੀ। ਉਹਨਾਂ ਦਾ ਦਾਅਵਾ ਸੀ ਕਿ ਇਸ ਸਥਾਨ 'ਤੇ ਪਹਿਲਾਂ ਇਕ ਰਾਮ ਮੰਦਰ ਸੀ, ਜਿਸ ਨੂੰ ਮੁਗਲ ਸ਼ਾਸਕ ਬਾਬਰ ਨੇ 1528 ਵਿਚ ਨਸ਼ਟ ਕਰਕੇ ਬਾਬਰੀ ਮਸਜਿਦ ਬਣਾਈ ਸੀ। ਸਾਲ 1992 ਵਿਚ, ਬਾਬਰੀ ਮਸਜਿਦ ਨੂੰ ਹਿੰਦੂ ਅਗਵਾਈ ਵਾਲੇ ਪ੍ਰਦਰਸ਼ਨਕਾਰੀਆਂ ਨੇ ਨਸ਼ਟ ਕਰ ਦਿੱਤਾ ਸੀ, ਜਿਸ ਨਾਲ ਦੇਸ ਵਿਚ ਵਿਸ਼ਾਲ ਦੰਗੇ ਹੋਏ। ਇਸ ਵਿਵਾਦ ਨਾਲ ਸਬੰਧਤ ਕਾਨੂੰਨੀ ਅਤੇ ਸਿਆਸੀ ਸੰਦਰਭ ਪੱਖੋਂ ਬਹੁਤ ਸਾਰੇ ਪਹਿਲੂ ਸਾਹਮਣੇ ਆਏ। 2019 ਵਿਚ, ਭਾਰਤੀ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਮਸਜਿਦ ਦੀ ਜਗ੍ਹਾ 'ਤੇ ਰਾਮ ਮੰਦਰ ਬਣਾਇਆ ਜਾਵੇ, ਅਤੇ ਇਸਦੇ ਨਾਲ ਹੀ ਮਸਜਿਦ ਲਈ ਥੋੜ੍ਹੀ ਦੂਰ ਇਕ ਅਲੱਗ ਸਥਾਨ ਪ੍ਰਦਾਨ ਕਰਨ ਦੀ ਹਿਦਾਇਤ ਕੀਤੀ। ਅਯੁੱਧਿਆ ਵਿਚ ਰਾਮ ਮੰਦਿਰ ਦੀ ਨੀਹ 15 ਅਗਸਤ 2020 ਨੂੰ ਰੱਖੀ ਗਈ। ਸਿਆਸੀ ਅਤੇ


ISSN : 2395-1273

ਵਿਚਾਰਧਾਰਕ ਕਾਰਕੁਨਾਂ ਲਈ ਰਾਮ ਮੰਦਿਰ ਅਤੇ ਰਮਾਇਣ ਦਾ ਹਿੰਦੂਤਵ ਬਿਰਤਾਂਤ ਵਜੋਂ ਵਰਤੇ ਜਾਣ ਦਾ ਬਹੁਤ ਲੰਮਾ ਇਤਿਹਾਸ ਹੈ। ਇਹ ਇਕ ਬਹੁਤ ਹੀ ਵਿਵਾਦਪੂਰਨ ਕਦਮ ਸੀ। ਇਸ ਦੇ ਸਿੱਟੇ ਵਜੋਂ ਹਿੰਦੀ ਟੈਲੀਵਿਜ਼ਨ ਸੀਰੀਅਲ ਰਾਮਾਨੰਦ ਸਾਗਰ ਦਾ ਰਮਾਇਣ 1987 ਤੋਂ ਬਾਅਦ ਭਾਰਤ ਵਿਚ ਕਰੋਨਾ ਵਾਇਰਸ ਜਾਂ ਲੌਕਡਾਊਨ ਦੀ ਘੋਸ਼ਣਾ ਤੋਂ ਬਾਅਦ ਦੁਬਾਰਾ ਪ੍ਰਸਾਰਿਤ ਕੀਤਾ ਗਿਆ। 1980 ਦੇ ਦਹਾਕੇ ਦੇ ਅਖੀਰ ਵਿਚ ਬਹੁਤ ਸਾਰੇ ਵਿਦਵਾਨਾਂ ਤੇ ਬੁੱਧੀਜੀਵੀਆਂ ਨੇ ਟੈਲੀਵਿਜ਼ਨ ਦੇ ਇਸ ਸੰਸਕਰਣ ਦੇ ਪ੍ਰਮੁੱਖ ਬਿਰਤਾਂਤ ਬਣਨ ਬਾਰੇ ਚਿੰਤਾ ਵੀ ਜ਼ਾਹਿਰ ਕੀਤੀ , ਇਹਨਾਂ ਬੁੱਧੀਜੀਵੀਆਂ ਵਿਚ ਰੋਮਿਲਾ ਥਾਪਰ ਨੇ ਦਲੀਲ ਦਿੱਤੀ ਕਿ ਅਜਿਹੀਆਂ ਪ੍ਰਤੀਨਿਧ ਪੇਸ਼ਕਾਰੀਆਂ ਰਾਜ ਦੇ ਰਾਸ਼ਟਰਵਾਦੀ ਪ੍ਰੋਜੈਕਟ ਦਾ ਹਿੱਸਾ ਹਨ। ਇਹਨਾਂ ਦਾ ਮੁੱਖ ਮੰਤਵ ਸਮਰੂਪ / ਇਕਸਾਰ ਸਭਿਆਚਾਰ ਪੈਦਾ ਕਰਨਾ ਹੈ, ਜਿਸ ਨੂੰ ਕਿ ਕੰਟਰੋਲ ਕਰਨਾ ਤੇ ਪਛਾਨਣਾ ਆਸਾਨ ਸੀ। ਇਸ ਤਰ੍ਹਾਂ ਰਾਮ ਅਤੇ ਉਸਦੀ ਮਿਥਿਹਾਸਕ ਪਛਾਣ ਹਿੰਦੂ ਧਰਮ ਲਈ ਵੱਖਰਾ ਚਿਹਰਾ ਬਣ ਗਈ। ਰਾਮ ਮੰਦਰ ਦੀ ਸਿਰਜਣਾ ਦੇ ਸਬੰਧ ਵਿਚ ਨਿਰਮਾਣਕਾਰੀ ਦੇ ਪੱਖੋਂ ਵੱਖ-ਵੱਖ ਧਾਰਮਿਕ, ਕਾਨੂੰਨੀ ਅਤੇ ਸਿਆਸੀ ਸੰਦਰਭ ਇਸ ਨਾਲ ਜੁੜੇ ਹੋਏ ਹਨ, ਜਿਸਦੇ ਨਾਲ ਦੇਸ ਵਿਚ ਨਵੇਂ ਇਤਿਹਾਸਕ ਬਿਰਤਾਂਤਕ ਪ੍ਰਵਚਨ ਦੀ ਸ਼ੁਰੂਆਤ ਹੁੰਦੀ ਹੈ। ਭਾਰਤੀ ਮਿਥ ਸਿਰਫ਼ ਇਕ ਬਿਰਤਾਂਤ ਹੀ ਨਹੀਂ ਹੁੰਦਾ ਬਲਕਿ ਇਹ ਭਾਰਤੀ ਦਰਸ਼ਨ ਦੇ ਵੱਖ ਵੱਖ ਸਿਧਾਂਤਾਂ ਦਾ ਮਿਥਕ ਰੂਪਾਂਤਰਨ ਵੀ ਹੁੰਦਾ ਹੈ। ਜਿਸ ਮਿਥ ਨਾਲ ਕੋਈ ਨਾ ਕੋਈ ਰੀਤ ਜੁੜੀ ਹੋਵੇ ਉਹ ਕਦੇ ਵੀ ਮਨੁੱਖੀ ਚੇਤਨਾ ਵਿਚੋਂ ਖਾਰਜ ਨਹੀਂ ਹੁੰਦੀ। ਜਿਸ ਵੇਲੇ ਧਰਮ ਮਿਥ ਨਾਲ ਸਬੰਧਤ ਹੋ ਕੇ ਆਉਂਦਾ ਹੈ ਤਾਂ ਇਹ ਅਮਰ ਹੋ ਜਾਂਦਾ ਹੈ ਕਿਉਂਕਿ ਲੋਕ ਇਸ ਵਿਚ ਪਈ ਰੀਤ ਨੂੰ ਪੀੜ੍ਹੀ-ਦਰ-ਪੀੜ੍ਹੀ ਪਰੰਪਰਾਗਤ ਰੂਪ ਵਿਚ ਨਿਭਾਉਂਦੇ ਹਨ। ਰੀਤ ਦੇ ਨਾਲ ਨਾਲ ਮਿਥ ਮਨੁੱਖੀ ਚੇਤਨ ਅਵਚੇਤਨ ਦਾ ਸਰਗਰਮ ਹਿੱਸਾ ਬਣਦੀ ਹੈ। ਇਸ ਤਰ੍ਹਾਂ ਦੇ ਸਮਾਜਕ ਮੁੱਦਿਆਂ ਨਾਲ ਸਬੰਧਤ ਵੱਖ ਵੱਖ ਦ੍ਰਿਸ਼ਟੀਕੋਣ ਜਿੱਥੇ ਬਿਰਤਾਂਤਕ ਪ੍ਰਵਚਨ ਉਸਾਰਦੇ ਹਨ ਉਥੇ ਅਸਲ ਵਿਚ ਇਹ ਪ੍ਰਵਚਨ ਬਿਰਤਾਂਤ ਦੀ ਲੜਾਈ ਦਾ ਹਿੱਸਾ ਵੀ ਬਣਦੇ ਹਨ। ਇਹ ਲੜਾਈ ਜਿਆਦਾ ਕਰਕੇ ਬਹੁਪੱਖੀ ਹੁੰਦੀ ਹੈ ਜਿੱਥੇ ਵੱਖ ਵੱਖ ਸਮੂਹ ਆਪਣੇ ਵਿਚਾਰਾਂ ਅਤੇ ਹਿੱਤਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।ਇਹ ਲੜਾਈ ਸਮਾਜ ਦੇ ਵਿਕਾਸ ਵਿਚ ਵਿਰੋਧ ਦੇ ਬਦਲ ਵਜੋਂ ਸਾਹਮਣੇ ਆਉਂਦੀ ਹੈ ਜੋ ਕਿ ਇਕ ਮਹੱਤਵਪੂਰਨ ਕੜੀ ਵਜੋਂ ਕੰਮ ਕਰਦੀ ਹੈ। ਬਿਰਤਾਂਤ ਦੀ ਲੜਾਈ ਵਿਚ ਅਕਸਰ ਮਿਥ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜੋ ਕਿਸੇ ਵਿਸ਼ੇਸ਼ ਵਿਚਾਰ ਜਾਂ ਦ੍ਰਿਸ਼ਟੀਕੋਣ ਨੂੰ ਮਜਬੂਤ ਕੀਤਾ ਜਾ ਸਕੇ, ਉਦਾਹਰਣ ਵਜੋਂ: ਰਾਸ਼ਟਰੀ ਮਿਥਾਂ ਦੀ ਵਰਤੋਂ ਰਾਜਨੀਤਕ ਬਿਰਤਾਤਾਂ ਵਿਚ ਕੀਤੀ ਜਾਂਦੀ ਹੈ। ਇਸ ਬਿਰਤਾਂਤਕ ਲੜਾਈ ਦੇ ਨਤੀਜੇ ਵਜੋਂ ਨਵੀਆਂ ਮਿਥਾਂ ਪੈਦਾ ਹੁੰਦੀ ਹਨ ਤੇ ਇਹ ਮਿਥਾਂ ਫਿਰ ਭਵਿੱਖ ਦੇ ਬਿਰਤਾਂਤ ਨੂੰ ਘੜ੍ਹਨ ਜਾਂ ਆਕਾਰ ਦੇਣ ਵਿਚ ਸਹਾਇਕ ਬਣਦੀਆਂ ਹਨ। ਮਿਥ ਅਕਸਰ ਇਤਿਹਾਸਿਕ ਘਟਨਾਵਾਂ ਤੇ ਅਧਾਰਿਤ ਹੁੰਦੀ ਹੈ। ਬਿਰਤਾਂਤਕ ਲੜਾਈ ਵਿਚ ਇਹਨਾਂ ਇਤਿਹਾਸਿਕ ਘਟਨਾਵਾਂ ਦੀ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਕੀਤੀ ਵਿਆਖਿਆ ਸ਼ਾਮਿਲ ਹੋ ਸਕਦੀ ਹੈ। ਮਿਥ ਜਿਆਦਾ ਕਰਕੇ ਸਮਾਜਕ ਮੁੱਲਾਂ ਨੂੰ ਦਰਸਾਉਂਦੀ ਹੈ। ਬਿਰਤਾਂਤ ਦੀ ਲੜਾਈ ਵਿਚ ਇਹਨਾਂ ਮੁੱਲਾਂ ਦੀ ਵਿਆਖਿਆ ਤੇ ਪ੍ਰਾਥਮਿਕਤਾ ਬਾਰੇ ਬਹਿਸ ਹੋਣੀ ਸੁਭਾਵਿਕ ਹੀ ਹੈ। ਬਿਰਤਾਂਤ ਦੀ ਲੜਾਈ ਵਿਚ ਅਕਸਰ ਰਾਜਨੀਤਕ ਨੇਤਾ ਮਿਥਾਂ ਦੀ ਵਰਤੋਂ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਕਰਦੇ ਮਿਥ ਤੇ ਬਿਰਤਾਂਤ ਵਿਚਲਾ ਵਿਰੋਧ ਸਮਾਜਕ ਪਰਿਵਰਤਨ ਦਾ ਵਾਹਕ ਵੀ ਬਣ ਸਕਦਾ ਹੈ ਉਦਾਹਰਨ ਵਜੋਂ ਲਿੰਗ ਸਮਾਨਤਾ, ਨਸਲੀ ਨਿਆਂ ਜਾਂ ਵਾਤਾਵਰਣ ਸੰਭਾਲ ਵਰਗੇ ਮੁੱਦਿਆਂ ’ਤੇ ਨਵੇਂ ਬਿਰਤਾਂਤ ਸਮਾਜ ਨੂੰ ਬਦਲ ਸਕਦੇ ਹਨ।

### ਮਿਥ-ਬਿਰਤਾਂਤਾਂ ਦਾ ਵਿਰੋਧ

ਜਿੱਥੇ ਕੁਝ ਸਮੂਹ ਮਿਥਾਂ ਨੂੰ ਆਪਣੇ ਹਿੱਤ ਲਈ ਵਰਤ ਰਹੇ ਹਨ, ਉੱਥੇ ਦੂਜੇ ਪਾਸੇ ਇਨ੍ਹਾਂ ਬਿਰਤਾਂਤਾਂ ਦਾ ਵਿਰੋਧ ਵੀ ਹੋ ਰਿਹਾ ਹੈ। ਡੀ.ਆਰ. ਨਾਗਰਾਜ (1993) ਆਪਣੀ ਕਿਤਾਬ **ਦ ਫਲੂਟ ਐਂਡ ਦ ਡਰੱਮ** ਵਿਚ ਲਿਖਦੇ ਹਨ, “ਮਿਥਾਂ ਦੀ ਪੁਨਰ-ਵਿਆਖਿਆ ਦਲਿਤ ਚੇਤਨਾ ਦਾ ਇਕ ਮਹੱਤਵਪੂਰਨ ਹਿੱਸਾ ਹੈ।” ਕਈ ਬੁੱਧੀਜੀਵੀ ਅਤੇ ਸਮਾਜਕ ਕਾਰਕੁਨ ਇਨ੍ਹਾਂ ਮਿਥ-ਬਿਰਤਾਂਤਾਂ ਦੀ ਆਲੋਚਨਾ ਕਰਦੇ ਹੋਏ ਕਹਿੰਦੇ ਹਨ, ਕਿ ਇਹ ਅੰਧ-ਵਿਸ਼ਵਾਸ ਅਤੇ ਪੱਖਪਾਤ ਨੂੰ ਬੜਾਵਾ ਦੇਂਦੀਆਂ ਹਨ। ਰੋਮਿਲਾ ਥਾਪਰ ਆਪਣੀ ਕਿਤਾਬ **ਦ ਪਾਸਟ ਬਿਫੋਰ ਅਸ: ਮਿਥ ਮੇਕਿੰਗ ਐਂਡ ਹਿਸਟਰੀ** (2014) ਵਿਚ ਇਸ ਮੁੱਦੇ 'ਤੇ ਵਿਸਤਾਰ ਨਾਲ ਚਰਚਾ ਕਰਦੀ ਹੈ। ਰੋਮਿਲਾ ਥਾਪਰ ਇਸ ਕਿਤਾਬ ਵਿਚ ਉਹ ਇਤਿਹਾਸ ਅਤੇ ਮਿਥ ਬਾਰੇ ਗਹਿਰੇ ਵਿਚਾਰ ਪ੍ਰਸਤੁਤ ਕਰਦੀ ਹੈ। ਥਾਪਰ ਮਿਥ ਨੂੰ ਸਿਰਫ਼ ਕਾਲਪਨਿਕ ਕਹਾਣੀਆਂ ਮੰਨਣ ਦੇ ਬਜਾਏ, ਇਸਨੂੰ ਸਮਾਜਕ ਅਤੇ ਸਭਿਆਚਾਰਕ ਹਕੀਕਤਾਂ ਨਾਲ ਜੁੜਿਆ ਹੋਇਆ ਸਮਝਦੀ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਮਿਥ ਕਿਵੇਂ ਇਤਿਹਾਸਕ ਤੱਥਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ? ਅਤੇ ਕਿਵੇਂ

ਉਹ ਸਮਾਜ ਦੀਆਂ ਸਾਂਝੀਆਂ ਯਾਦਾਂ ਅਤੇ ਪਹਿਚਾਣ ਨੂੰ ਘੜਦੀ ਹੈ ? ਉਸਦਾ ਇਹ ਵਿਸ਼ਲੇਸ਼ਣ ਰੋਮਿਲਾ ਥਾਪਰ ਦੇ ਇਸ ਵਿਚਾਰ 'ਤੇ ਹੈ ਕਿ ਇਤਿਹਾਸਕ, ਬਿਰਤਾਂਤ/ਨੈਰੇਟਿਵ ਅਤੇ ਮਿਥ ਕਦੇ ਕਦੇ ਵੱਖਰੇ ਹੁੰਦੇ ਹਨ ਪਰ ਉਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਪਸ ਵਿਚ ਸਬੰਧਤ ਹੁੰਦੇ ਹਨ। ਥਾਪਰ ਇਤਿਹਾਸਕ ਦਸਤਾਵੇਜ਼ਾਂ ਅਤੇ ਮਿਥਾਂ ਵਿਚਕਾਰ ਸਾਂਝ ਰੱਖਦੀ ਹੈ, ਤਾਂ ਜੋ ਸਾਡੇ ਸਮਾਜਕ ਵਿਧਾਨ ਅਤੇ ਸਭਿਆਚਾਰਕ ਪ੍ਰਵਚਨ ਦੀ ਮੂਲ ਇਕਾਈ ਨੂੰ ਸਮਝਿਆ ਜਾ ਸਕੇ। ਜਿੱਥੇ ਮਿਥ ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਮੁੱਦਿਆਂ ਨੂੰ ਸਮਝਣ ਵਿਚ ਸਹਾਇਕ ਹੁੰਦੀ ਹੈ, ਉਥੇ ਸਮੂਹਿਕ ਪਛਾਣ ਦੀ ਹਾਮੀ ਭਰਦਿਆਂ ਇਹ ਅਸਲ ਵਿਚ ਲੋਕਾਂ ਨੂੰ ਆਪਣੇ ਜੜ੍ਹ ਮੂਲ ਨਾਲ ਜੋੜਦੀ ਹੈ। ਸੰਸਾਰ ਦੇ ਵੱਖ-ਵੱਖ ਸਮੂਹ ਆਪਣੇ ਵਿਚਾਰਾਂ, ਮੁੱਲਾਂ, ਕਦਰਾਂ ਕੀਮਤਾਂ ਜਾਂ ਹਿਤਾਂ ਨੂੰ ਮਜਬੂਤ ਕਰਨ ਲਈ ਕਿਹੜੇ ਦ੍ਰਿਸ਼ਟੀਕੋਣ ਤੋਂ ਬਿਰਤਾਂਤ ਸਿਰਜਦੇ ਹਨ ਤੇ ਕਿਵੇਂ ਸੰਘਰਸ਼ ਕਰਦੇ ਹਨ? ਇਹ ਗੱਲ ਜਿਆਦਾ ਮਹੱਤਵਪੂਰਨ ਹੈ। ਅਸਲ ਵਿਚ ਮਿਥ ਭਵਿੱਖ ਦੇ ਦ੍ਰਿਸ਼ਟੀਕੋਣ ਨੂੰ ਅਕਾਰ ਦੇਣ ਦੇ ਸਮਰੱਥ ਬਣਦੀ ਹੈ। ਇਸ ਤਰ੍ਹਾਂ ਮਿਥ ਦੀ ਬਿਰਤਾਂਤਕ ਸਿਰਜਣਾ ਅਤੇ ਬਿਰਤਾਂਤ ਦੀ ਲੜਾਈ ਇਕ ਗਤੀਸ਼ੀਲ ਅਤੇ ਜਟਿਲ ਪ੍ਰਕਿਰਿਆ ਹੈ ਜੋ ਸਮਾਜ, ਸਭਿਆਚਾਰ, ਰਾਜਨੀਤੀ ਅਤੇ ਵਿਚਾਰਾਂ ਨੂੰ ਰੂਪ ਦਿੰਦੀ ਹੈ। ਅਜੋਕੇ ਸਮੇਂ ਮਿਥ ਦਾ ਸਬੰਧ ਸਿਰਫ਼ ਪੁਰਾਣ ਕਥਾਵਾਂ ਤਕ ਸੀਮਤ ਨਹੀਂ ਹੈ ਸਗੋਂ ਲਗਾਤਾਰ ਮਿਥਾਂ ਦੀ ਨਵ-ਸਿਰਜਣਾ ਵਿਚ ਸਮਾਜਕ ਕਾਰਕੁਨ ਤੇ ਸਾਡਾ ਆਲਾ ਦੁਆਲਾ ਪ੍ਰਭਾਵਿਤ ਰੂਪ ਵਿਚ ਸ਼ਾਮਿਲ ਹੈ। ਮਿਥ ਅਕਸਰ ਬਿਰਤਾਂਤ ਦੀ ਲੜਾਈ ਦਾ ਹਿੱਸਾ ਬਣ ਜਾਂਦੀਆਂ ਹਨ। ਸਮਕਾਲੀ ਬਿਰਤਾਂਤਕ ਲੜਾਈਆਂ ਦੇ ਗੁੰਝਲਦਾਰ ਲੈਂਡਸਕੇਪ ਨੂੰ ਨੈਵੀਗੇਟ ਕਰਨ ਲਈ ਮਿਥ ਦੀ ਰਚਨਾ ਤੇ ਪ੍ਰਸਾਰ ਦੀ ਵਿਧੀ ਨੂੰ ਸਮਝਣਾ ਬਹੁਤ ਜਰੂਰੀ ਹੈ।

**ਹਵਾਲੇ ਤੇ ਟਿੱਪਣੀਆਂ:**


1. ਕੁਲਵੰਤ ਸਿੰਘ (ਡਾ), **ਮਿਥ ਰੂਪਾਕਾਰ: ਅਧਿਐਨ ਤੇ ਵਿਸ਼ਲੇਸ਼ਣ**, ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ. 14
2. ਮਨਮੋਹਨ ਸਿੰਘ (ਡਾ.), **ਦਸਮ ਗ੍ਰੰਥ ਵਿਚ ਮਿਥ ਰੂਪਾਂਤਰਣ**, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997, ਪੰਨੇ 31-32.
3. ਸਵਰਾਜਬੀਰ, ਹਿੰਦੁਸਤਾਨ ਬਰੇ ਸਗੀਰ ਦੀਆਂ ਮਿੱਥਾਂ ਨੂੰ ਕਿਵੇਂ ਸਮਝੀਏ, **ਨਵਾਂ ਜ਼ਮਾਨਾ** (ਰੋਜ਼ਾਨਾ ਅਖ਼ਬਾਰ), 16 ਜੂਨ 2024, ਪੰਨਾ 9.
4. **Standard Dictionary of Folklore Mythology and legend**, New York, Funk Ú Wagnalks, 1972, p. 778.
5. **ਮਿਥਿਕ ਔਰ ਸਾਹਿਤਯ**, ਨੈਸ਼ਨਲ ਪਬਲਿਸਗਿ ਹਾਊਸ, ਨਵੀਂ ਦਿੱਲੀ, ਦੂਜੀ ਵਾਰ, 1987। ਪੰਨਾ 9.
6. ਡਾ. ਹਰਿਭਜਨ ਸਿੰਘ, **ਪਾਰਗਾਮੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ, 2010, ਪੰਨਾ 48.
7. Joseph Campbell , **The Hero with a Thousand Faces**, pantheon Books, United states, p. 7
8. **Myth Fiction and displacement, Twentieth century criticism**, The MIT press on behalf of American Academy of Arts Ú Science,1961, p.164.
9. ਉਧਰਿਤ, ਕੁਲਵੰਤ ਸਿੰਘ (ਡਾ.), **ਮਿਥ ਰੂਪਾਕਾਰ ਅਧਿਅਨ ਤੇ ਵਿਸ਼ਲੇਸ਼ਣ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨੇ 23-24.
10. Questioning and multiplicity within the Ramayana's tradition; in questioning Ramayana: **A South tradition**, Ed. Paula Richman, Barkley, CA: University of California Press,2001, p. 6.
11. The Archetypes of Literature, **Twentieth century Criticism: The Major Statement,** William J. Handy, Max Westbrook, p. 236.


◈



ISSN : 2395-1273